PUNJAB VIDHAN SABHA

DEBATES

Tuesday, the 18th December, 2012

Vol. III-No. 2

OFFICIAL REPORT

CONTENTS

Punjab Vidhan Sabha Secretariat, Chandigarh

Price : Rs________

PUNJAB VIDHAN SABHA

Tuesday, the 18th December, 2012

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 10.00 A.M. Mr. Speaker (Dr. Charnjit Singh Atwal) in the Chair.

STARRED QUESTIONS AND ANSWERS

ਮਾਨਯੋਗ ਸਪੀਕਰ : ਹਾਂ ਜੀ, ਪ੍ਰਸ਼ਨ ਕਾਲ। ਸਰਦਾਰ ਨਵਤੇਜ ਸਿੰਘ ਚੀਮਾ ਜੀ।

ਸਰਕਟ ਹਾਊਸਾਂ ਦੇ ਕਰਮਚਾਰੀਆਂ ਲਈ ਇੰਨਸੈਂਟਿਵ

***362 ਸਰਦਾਰ ਨਵਤੇਜ ਸਿੰਘ ਚੀਮਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਦੇ ਸਰਕਟ ਹਾਊਸਾਂ ਵਿੱਚ ਤਾਇਨਾਤ ਮੁਲਾਜ਼ਮਾਂ ਦੁਆਰਾ ਵਾਧੂ ਕੰਮ ਕੀਤੇ ਜਾਣ ਬਦਲੇ ਸਰਕਾਰ ਇਨ੍ਹਾਂ ਮੁਲਾਜ਼ਮਾਂ ਨੂੰ ਕੋਈ ਇੰਨਸੈਂਟਿਵ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਹ ਇੰਨਸੈਂਟਿਵ ਕਦੋਂ ਤੋਂ ਦੇਣਾ ਸ਼ੁਰੂ ਕਰ ਦਿੱਤਾ ਜਾਵੇਗਾ?

ਸਰਦਾਰ ਪਰਕਾਸ਼ ਸਿੰਘ ਬਾਦਲ : ਪ੍ਰਾਹੁਣਾਚਾਰੀ ਵਿਭਾਗ, ਪੰਜਾਬ ਦੇ ਸਰਕਟ ਹਾਊਸਾਂ ਵਿੱਚ ਤਾਇਨਾਤ ਮੁਲਾਜ਼ਮਾਂ ਨੂੰ ਸਰਕਾਰੀ ਰੂਲਾਂ ਅਨੁਸਾਰ ਵਾਧੂ ਕੰਮ ਬਦਲੇ 250/- ਰੁਪਏ (ਵਿਭਾਗੀ ਮੁਖੀ ਵੱਲੋਂ) ਤੋਂ ਲੈ ਕੇ 2000/- ਰੁਪਏ (ਸਰਕਾਰ ਵੱਲੋਂ) ਮਾਨ ਭੇਟਾ ਦੇਣ ਦਾ ਉਪਬੰਧ ਹੈ। ਇਸ ਅਨੁਸਾਰ ਹਰ ਸਾਲ ਇਨ੍ਹਾਂ ਮੁਲਾਜ਼ਮਾਂ ਨੂੰ ਵਿਭਾਗੀ ਮੁਖੀ (Director) ਦੇ ਪੱਧਰ ਤੇ ਮਾਨ ਭੇਟਾ ਦੀ ਅਦਾਇਗੀ ਨਿਰਧਾਰਤ ਸ਼ਰਤਾਂ ਅਨੁਸਾਰ ਕੀਤੀ ਜਾਂਦੀ ਹੈ। ਹੁਣ ਵਿਭਾਗੀ ਮੁਖੀ (Director) ਨੂੰ ਹੀ 2000/- ਰੁਪਏ ਤੱਕ ਦੀ ਮਨਜ਼ੂਰੀ ਦੇਣ ਦੇ ਅਖ਼ਤਿਆਰ ਦੇ ਦਿੱਤੇ ਗਏ ਹਨ। ਇਸ ਤੋਂ ਇਲਾਵਾ ਇਨ੍ਹਾਂ ਮੁਲਾਜ਼ਮਾਂ ਨੂੰ ਬਗ਼ੈਰ ਕਿਸੇ ਖ਼ਰਚੇ ਤੋਂ ਚਾਹ/ਰੋਟੀ ਦੀ ਸਹੂਲਤ ਵੀ ਮੁਹੱਈਆ ਕਰਵਾਈ ਜਾਂਦੀ ਹੈ।

ਸਰਦਾਰ ਨਵਤੇਜ ਸਿੰਘ ਚੀਮਾ : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਰਾਜ ਦੇ ਸਾਰੇ ਹੀ ਸਰਕਾਰੀ ਸਰਕਟ ਹਾਊਸਾਂ.....

ਮਾਨਯੋਗ ਸਪੀਕਰ : ਤੁਸੀਂ ਕੁਐਸਚਨ ਪੁੱਟ ਕਰੋ।

ਸਰਦਾਰ ਨਵਤੇਜ ਸਿੰਘ ਚੀਮਾ : ਸਪੀਕਰ ਸਾਹਿਬ, ਪੰਜਾਬ ਦੇ ਸਰਕਟ ਹਾਊਸਾਂ ਵਿੱਚ ਮੁਲਾਜ਼ਮਾਂ ਦੀ ਬਹੁਤ ਕਮੀ ਹੈ। ਉਨ੍ਹਾਂ ਨੂੰ ਵੀ.ਆਈ.ਪੀ. ਅਟੈਂਡ ਕਰਨੇ ਪੈਂਦੇ ਹਨ ਜੋ ਕਿ ਦੇਰ ਸਵੇਰ ਆਉਂਦੇ ਰਹਿੰਦੇ ਹਨ ਅਤੇ ਇਸ ਕਰਕੇ ਉਨ੍ਹਾਂ ਨੂੰ ਬਹੁਤ ਕੰਮ ਪੈਂਦਾ ਹੈ। ਮੈਂ ਸੀ. ਐਮ. ਸਾਹਿਬ ਤੋਂ ਇਹ ਆਸ਼ਵਾਸਨ ਲੈਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪੰਜਾਬ ਪੁਲਿਸ ਨੂੰ 13ਵੀਂ ਤਨਖ਼ਾਹ ਦਿੱਤੀ ਜਾਂਦੀ ਹੈ, ਇਸੀ ਤਰ੍ਹਾਂ ਉਨ੍ਹਾਂ ਨੂੰ ਵੀ ਤੇਰ੍ਹਵੀਂ ਤਨਖ਼ਾਹ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਰਹਿਣ ਦੀ ਸਹੂਲਤ ਵੀ ਫਰੀ ਦਿੱਤੀ ਜਾਵੇ। ਕੀ ਮੁੱਖ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਕੰਸਿਡਰ ਕਰ ਲਿਆ ਜਾਵੇਗਾ।

ਸਰਦਾਰ ਜਗਮੋਹਨ ਸਿੰਘ ਕੰਗ : ਸਪੀਕਰ ਸਾਹਿਬ, ਪੰਜਾਬ ਦੇ ਜਿੰਨੇ ਸਰਕਟ ਹਾਊਸ ਹਨ, ਉਨ੍ਹਾਂ ਦੀ ਹਾਲਤ ਬੜੀ ਪਤਲੀ ਹੈ ਅਤੇ ਉਨ੍ਹਾਂ ਦੀ ਕੋਈ ਮੇਨਟੀਨੈਂਸ ਨਹੀਂ ਹੈ। ਕੀ ਮੁੱਖ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਉਨ੍ਹਾਂ ਦੀ ਮੇਨਟੀਨੈਂਸ ਕੀਤੀ ਜਾਵੇਗੀ?

ਮੁੱਖ ਮੰਤਰੀ : ਸਪੀਕਰ ਸਾਹਿਬ, ਜ਼ਰੂਰ ਕੋਸ਼ਿਸ਼ ਕਰਾਂਗੇ।

ਨਿਸ਼ਾਨ ਵਾਲਾ ਪ੍ਰਸ਼ਨ ਨੰ. 379*

ਮਾਨਯੋਗ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਗਰਾਂਟ ਕਰ ਦਿੱਤੀ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ. 377

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਜਾਰੀ ਫੰਡ

*360 ਸ਼੍ਰੀ ਤਰਲੋਚਨ ਸਿੰਘ: ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

*For S.Q. No. 379 and reply thereto, Please see Appendix to this Debates.

(ੲ) ਸਾਲ 2010-11 ਅਤੇ 2011-12 ਦੌਰਾਨ ਐਸ.ਸੀ. ਬੱਚਿਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਭਾਰਤ ਸਰਕਾਰ ਨੇ ਕਿੰਨਾ-2 ਫੰਡ ਕਿਹੜੀ-2 ਮਿਤੀ ਨੂੰ ਜਾਰੀ ਕੀਤਾ;

(ਅ) ਰਾਜ ਸਰਕਾਰ ਨੇ ਕਿਸ-ਕਿਸ ਮਿਤੀ ਨੂੰ ਕਿੰਨਾ-2 ਫੰਡ ਬੱਚਿਆਂ ਨੂੰ ਜਾਰੀ ਕੀਤਾ ?

ਸਰਦਾਰ ਸਰਵਨ ਸਿੰਘ ਫਿਲੌਰ : (ੲ) ਕੇਂਦਰੀ ਪ੍ਰਾਯੋਜਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਸਾਲ 2010-11 ਅਤੇ 2011-12 ਦੌਰਾਨ ਪੰਜਾਬ ਰਾਜ ਲਈ ਜਾਰੀ ਕੀਤੀ ਰਾਸ਼ੀ ਦਾ ਵੇਰਵਾ ਅਨੁਲੱਗ 'ੲ' ਤੇ ਰੱਖਿਆ ਜਾਂਦਾ ਹੈ;

(ਅ) ਸਾਲ 2010-11 ਅਤੇ 2011-12 ਦੌਰਾਨ ਮਿਤੀ 6.6.2011 ਨੂੰ ਸਬੰਧਿਤ ਲਾਗੂ ਕਰਤਾ ਵਿਭਾਗਾਂ ਨੂੰ ਭੇਜੀ ਰਾਸ਼ੀ ਦਾ ਵੇਰਵਾ ਅਨੁਲੱਗ 'ਅ' ਅਨੁਸਾਰ ਹੈ।

ਅਨੁਲੱਗ 'ੲ'

(ਰਕਮ ਲੱਖਾਂ ਵਿੱਚ)

ਸਾਲ	ਭਾਰਤ ਸਰਕਾਰ ਦਾ ਪ੍ਰਵਾਨਗੀ ਨੰ: ਤੇ ਮਿਤੀ	ਜਾਰੀ ਕੀਤੀ ਰਾਸ਼ੀ
2010-11	(1) 14011/18/2010-SCD -V ਮਿਤੀ 25-3-11	5814.58
2011-12	(2) 14011/3/2011-SCD-V ਮਿਤੀ 12-5-11	1680.00
	(3) 14011/10/2011-SCD-V ਮਿਤੀ 30-3-12	3415.92
	ਜੋੜ	10910.50

[ਭਲਾਈ ਮੰਤਰੀ]

ਅਨੁਲੱਗ 'ਅ'

(ਰਕਮ ਲੱਖਾਂ ਵਿੱਚ)

ਸਾਲ	ਸਰਕਾਰ ਵੱਲੋਂ ਰਲੀਜ਼ ਕੀਤੀ ਰਾਸ਼ੀ	ਖਜ਼ਾਨੇ ਵਿੱਚੋਂ ਕਢਵਾਈ ਰਾਸ਼ੀ	ਲਾਗੂ ਕਰਤਾ ਵਿਭਾਗ ਨੂੰ ਭੇਜੀ ਰਾਸ਼ੀ ਦਾ ਵੇਰਵਾ		ਰਾਸ਼ੀ ਭੇਜਣ ਦੀ ਮਿਤੀ
2010-11	6706.90	6706.90	ਡੀ.ਪੀ.ਆਈ (ਕਾਲਜਾਂ), ਪੰਜਾਬ, ਚੰਡੀਗੜ੍ਹ;	2126.87	6-6-2011
			ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ (ਆਈ.ਟੀ. ਆਈ. ਵਿੰਗ), ਪੰਜਾਬ, ਚੰਡੀਗੜ੍ਹ;	330.61	6-6-2011
			ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ (ਤਕਨੀਕੀ ਸਿੱਖਿਆ ਵਿੰਗ), ਪੰਜਾਬ, ਚੰਡੀਗੜ੍ਹ;	1738.18	6-6-2011
			ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ;	686.24	6-6-2011
			ਡੀ.ਪੀ.ਆਈ (ਸਕੂਲਜ਼), ਪੰਜਾਬ, ਚੰਡੀਗੜ੍ਹ;	1825.00	6-6-2011
			ਜੋੜ	**6706.90**	
2011-12	2664.00	2664.00 1680.00 ਕੇਂਦਰ ਸਰਕਾਰ ਦਾ ਹਿੱਸਾ ਅਤੇ 984.00 ਰਾਜ ਦੀ ਕਮਿਟਿਡ ਲਾਇਬਿਲਟੀ।	ਇਹ ਰਾਸ਼ੀ ਵਿੱਤ ਵਿਭਾਗ ਵੱਲੋਂ ਮਿਤੀ 31.3.2012 ਨੂੰ ਰਲੀਜ਼ ਕੀਤੀ ਗਈ ਸੀ। ਸਾਲ 2011-12 ਦੇ ਵਿਦਿਆਰਥੀਆਂ ਨੂੰ ਇਸ ਸਕੀਮ ਅਧੀਨ ਵਿੱਤੀ ਸਹਾਇਤਾ ਦੀ ਅਦਾਇਗੀ	—	—

			ਆਨ-ਲਾਈਨ ਮੈਨੇਜਮੈਂਟ ਸਿਸਟਮ ਰਾਹੀਂ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ ਅਤੇ ਲਾਗੂ ਕਰਤਾ ਵਿਭਾਗਾਂ ਪਾਸੋਂ ਪ੍ਰਾਪਤ ਸੂਚੀਆਂ ਦੇ ਸਨਮੁੱਖ 2664.00 ਲੱਖ ਰੁਪਏ ਦੀ ਅਦਾਇਗੀ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਚੁੱਕੀ ਹੈ।		
	3415.92	3415.71	ਕੇਂਦਰ ਸਰਕਾਰ ਵੱਲੋਂ ਰਲੀਜ਼ ਕੀਤੀ 3415.92 ਲੱਖ ਰੁਪਏ ਦੀ ਰਾਸ਼ੀ ਰਾਜ ਸਰਕਾਰ ਵੱਲੋਂ ਮਿਤੀ 21-6-2012 ਨੂੰ ਰਲੀਜ਼ ਕੀਤੀ ਗਈ ਹੈ, ਜਿਸ ਵਿੱਚੋਂ 3415.71 ਲੱਖ ਰੁਪਏ ਦੀ ਰਾਸ਼ੀ ਖਜ਼ਾਨੇ ਵਿੱਚੋਂ ਡਰਾਅ ਕਰਵਾਕੇ ਲਾਗੂ ਕਰਤਾ ਵਿਭਾਗਾਂ ਪਾਸੋਂ ਪ੍ਰਾਪਤ ਹੋਈਆਂ ਸੂਚੀਆਂ ਦੇ ਸਨਮੁੱਖ 3118.01 ਲੱਖ ਰੁਪਏ ਦੀਆਂ ਸੂਚੀਆਂ ਬੈਂਕ ਨੂੰ ਭੇਜੀਆਂ ਜਾ ਚੁੱਕੀਆਂ ਹਨ। ਬਾਕੀ ਬਚਦੀ ਰਾਸ਼ੀ ਵਿਦਿਆਰਥੀਆਂ ਦੇ ਬੈਂਕ ਖਾਤੇ/ਆਈ.ਐਫ.ਐਸ.ਕੋਡ ਅਧੂਰੇ ਹੋਣ ਕਾਰਣ ਟਰਾਂਸਫਰ ਨਹੀਂ ਹੋਈ। ਬੈਂਕ ਖਾਤਿਆਂ ਬਾਰੇ ਮੁਕੰਮਲ ਸੂਚਨਾ ਪ੍ਰਾਪਤ ਹੋਣ ਤੇ 15 ਦਿਨਾਂ ਦੇ ਅੰਦਰ-ਅੰਦਰ ਓ.ਐਮ.ਐਸ. ਰਾਹੀਂ ਅਦਾਇਗੀ ਲਈ ਬੈਂਕ ਨੂੰ ਭੇਜ ਦਿੱਤੀ ਜਾਵੇਗੀ।	—	—
ਜੋੜ	12786.82	12786.61	—	—	—

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਇਹ ਕਿਹਾ ਹੈ ਕਿ ਆਨ ਲਾਈਨ ਰਾਸ਼ੀ ਭੇਜ ਦਿੱਤੀ ਗਈ ਹੈ ਔਰ ਸਾਲ 2012 ਦੇ ਅਖੀਰ ਤੱਕ ਬਹੁਤ ਸਾਰੇ ਸਕੂਲਾਂ ਤੇ ਕਾਲਜਾਂ ਵਿੱਚ ਹਾਲੇ ਤੱਕ ਰਾਸ਼ੀ ਬੱਚਿਆਂ ਦੇ ਖਾਤਿਆਂ ਵਿੱਚ ਨਹੀਂ ਗਈ। ਕੀ ਮੰਤਰੀ ਸਾਹਿਬ ਦੱਸਣਗੇ ਕਿ ਇਹ ਰਾਸ਼ੀ ਐਗਜ਼ੈਕਟ ਕਦੋਂ ਤੱਕ ਪਹੁੰਚ ਜਾਵੇਗੀ?

ਮੰਤਰੀ : ਸਪੀਕਰ ਸਾਹਿਬ, ਅਸੀਂ ਜੁਲਾਈ, 2012 ਤੋਂ ਆਨ ਲਾਈਨ ਮੈਨੇਜਮੈਂਟ ਸਿਸਟਮ ਸ਼ੁਰੂ ਕਰ ਦਿੱਤਾ ਹੈ ਅਤੇ ਇਹ ਸਕੀਮ ਜੁਲਾਈ, 2012 ਤੋਂ ਲਾਗੂ ਕਰ ਦਿੱਤੀ ਹੈ। ਇਹ ਜਿਹੜੀ ਰਾਸ਼ੀ ਹੈ, ਇਹ ਡਾਇਰੈਕਟਰ, ਟੈਕਨੀਕਲ ਐਜੂਕੇਸ਼ਨ ਅਤੇ ਡਾਇਰੈਕਟਰ, ਮੈਡੀਕਲ ਐਜੂਕੇਸ਼ਨ ਰਾਹੀਂ ਅੱਗੇ ਭੇਜੀ ਜਾਂਦੀ ਹੈ। ਜਿਸ ਸਮੇਂ ਤੋਂ ਮੈਨੂੰ ਮਾਨਯੋਗ ਮੁੱਖ ਮੰਤਰੀ ਜੀ ਨੇ ਇਸ ਮਹਿਕਮੇ ਦੀ ਸੇਵਾ ਦਿੱਤੀ ਹੈ, ਮੈਂ ਵਿਦਿਅਕ ਅਦਾਰਿਆਂ ਦੇ ਮੁਖੀਆਂ ਦੀ ਮੀਟਿੰਗ ਸੱਦ ਕੇ ਕਹਿ ਦਿੱਤਾ ਹੈ ਕਿ ਲਾਭਪਾਤਰੀ ਬੱਚਿਆਂ ਦੀਆਂ ਸੂਚੀਆਂ ਜਲਦੀ ਭੇਜੋ ਤਾਂ ਕਿ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿੱਚ ਜਲਦੀ ਭੇਜੀ ਜਾ ਸਕੇ। ਮੈਂ ਫਿਰ ਵੀ ਮੀਟਿੰਗ ਬੁਲਾ ਕੇ ਕਹਿ ਦੇਵਾਂਗਾ ਤਾਂ ਕਿ ਰਾਸ਼ੀ ਜਲਦੀ ਭੇਜੀ ਜਾਵੇ।

ਸ਼੍ਰੀ ਤਰਲੋਚਨ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਤੋਂ ਮੈਂ ਇਹੀ ਜਾਨਣਾ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਦੀ ਕੀ ਪਰਿਭਾਸ਼ਾ ਹੈ?

ਮਾਨਯੋਗ ਸਪੀਕਰ : ਇਸ ਦਾ ਜਵਾਬ ਆ ਗਿਆ ਹੈ। ਹਾਂ ਜੀ, ਜਾਖੜ ਸਾਹਿਬ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇੱਕ ਮੇਰੀ ਤੁਹਾਡੇ ਕੋਲ ਗੁਜ਼ਾਰਿਸ਼ ਹੈ ਕਿ ਜਿਹੜੇ ਆਨਰੇਬਲ ਮੈਂਬਰਾਂ ਨੇ ਸਵਾਲ ਲਗਾਏ ਹਨ, ਉਨ੍ਹਾਂ ਦਾ ਜਵਾਬ ਹੁਣ ਤੋਂ ਸਿਰਫ ਪੰਜ ਮਿੰਟ ਪਹਿਲਾਂ ਪਹੁੰਚਿਆ ਹੈ। ਤੁਸੀਂ ਪਿਛਲੀ ਵਾਰੀ ਵੀ ਸਦਨ ਵਿੱਚ ਇਹ ਪਰਾਮਿਸ ਕੀਤਾ ਸੀ ਕਿ ਕੋਸ਼ਿਸ਼ ਕਰਾਂਗੇ ਕਿ ਇੱਕ ਦਿਨ ਪਹਿਲਾਂ ਤੁਹਾਨੂੰ ਸਵਾਲਾਂ ਦੇ ਜਵਾਬ ਆ ਜਾਣ ਤਾਂ ਕਿ ਮੈਂਬਰ ਸਾਹਿਬਾਨ ਤਿਆਰ ਹੋ ਕੇ ਆ ਸਕਣ।

ਹੁਣ ਜਿਹੜਾ ਮਸਲਾ ਹੈ, ਇਸ ਤੇ ਆਨਰੇਬਲ ਮਨਿਸਟਰ ਸਾਹਿਬ ਨੇ ਅੰਕੜੇ ਦਿੱਤੇ ਹਨ, ਮੇਰੇ ਕੋਲ ਤਾਂ ਇਸ ਸਵਾਲ ਦਾ ਅਜੇ ਜਵਾਬ ਨਹੀਂ ਆਇਆ but I want to bring to your notice ਇਹ ਬਹੁਤ ਅਹਿਮ ਮਸਲਾ ਹੈ। ਗਰੀਬਾਂ ਦੇ, ਦਲਿਤ ਪਰਿਵਾਰਾਂ ਦੇ ਬੱਚਿਆਂ ਵਾਸਤੇ ਸੈਂਟਰ ਗੌਰਮਿੰਟ ਤੋਂ ਸਕਾਲਰਸ਼ਿਪ ਆਈ। ਮੇਰੇ ਕੋਲ ਜਿਹੜੀ ਇਨਫਰਮੇਸ਼ਨ ਹੈ, ਤੁਸੀਂ ਪਤਾ ਨਹੀਂ ਕੀ ਜਵਾਬ ਦਿੱਤਾ ਹੈ, 108 ਕਰੋੜ ਰੁਪਿਆ ਦੋ

ਸਾਲਾਂ ਵਿੱਚ ਕੇਂਦਰ ਸਰਕਾਰ ਨੇ ਗਰੀਬਾਂ ਦੇ ਬੱਚਿਆਂ ਵਾਸਤੇ ਭੇਜਿਆ ਹੈ ਪਰ ਵੰਡਿਆ ਕਿੰਨਾ ਹੈ, ਮੈਂ ਦੱਸਦਾ ਹਾਂ, ਸਿਰਫ 18 ਕਰੋੜ ਰੁਪਿਆ 108 ਕਰੋੜ ਰੁਪਏ ਵਿੱਚੋਂ ਵੰਡਿਆ ਹੈ। ਸੈਕੰਡਲੀ, ਹੁਣ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਅਸੀਂ ਆਨ-ਲਾਈਨ ਕਰ ਰਹੇ ਹਾਂ। ਕਦੋਂ ਆਈ ਸੀ ਡਾਇਰੈਕਸ਼ਨ ? Speaker Sahib, my specific question is that when did the direction come from the Central Government please ensure that every student has an account ਅਤੇ ਉਸ ਨੂੰ ਤੁਸੀਂ ਕਦੋਂ ਇੰਪਲੀਮੈਂਟ ਕੀਤਾ ਹੈ? ਬਾਕੀ ਜਿਹੜਾ 90 ਕਰੋੜ ਰੁਪਿਆ ਹੈ, ਉਸ ਦਾ ਤੁਸੀਂ ਪਿਛਲੇ ਦੋ ਸਾਲਾਂ ਵਿੱਚ ਕੀ ਕੀਤਾ ਹੈ ? ਇਸ ਦਾ ਜਵਾਬ ਦਿਓ।

ਮੰਤਰੀ: ਸਪੀਕਰ ਸਾਹਿਬ, ਅਸੀਂ ਗੌਰਮਿੰਟ ਆਫ ਇੰਡੀਆ ਨੂੰ ਪਰੋਪੋਜ਼ਲ ਭੇਜੀ ਸੀ ਪਰ ਉਨ੍ਹਾਂ ਨੇ ਫੰਡ ਬੜਾ ਲੇਟ ਰਿਲੀਜ਼ ਕੀਤਾ ਹੈ, ਉਹ ਵੀ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਖਤੋ-ਕਿਤਾਬਤ ਕੀਤੀ, ਚਿੱਠੀਆਂ ਲਿਖੀਆਂ ਤਾਂ ਜਾ ਕੇ ਉਹ ਪੈਸਾ ਸਾਨੂੰ ਰਿਲੀਜ਼ ਹੋਇਆ। ਜਿਸ ਕਰਕੇ ਅਸੀਂ ਉਹ ਰਾਸ਼ੀ ਅੱਗੇ ਵੰਡਣ ਦੇ ਵਿੱਚ ਲੇਟ ਹੋਏ ਹਾਂ।

Shri Sunil Jakhar : Speaker Sahib, It is very important question. I would say Hon'ble Minister should consult his papers. ਜਦੋਂ ਇਹ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਤੋਂ ਪੈਸੇ ਬੜੀ ਜੱਦੋ ਜਹਿਦ ਨਾਲ ਆਏ ਪਰ ਉਹ ਪੈਸੇ ਤੁਹਾਡੇ ਅਕਾਊਂਟਾਂ ਵਿੱਚ ਪਏ ਹਨ। ਦੋ ਸਾਲ ਤੋਂ 108 ਕਰੋੜ ਰੁਪਿਆ ਤੁਹਾਡੇ ਅਕਾਊਂਟਸ ਵਿੱਚ ਆਇਆ ਪਿਆ ਹੈ। ਆਹ ਜਿਹੜਾ 18 ਕਰੋੜ ਰੁਪਿਆ ਰਿਲੀਜ਼ ਕੀਤਾ ਹੈ, ਜਿਸ ਬਾਰੇ ਆਨਰੇਬਲ ਮਨਿਸਟਰ ਸਾਹਿਬ ਮੈਨਸ਼ਨ ਕਰ ਰਹੇ ਹਨ, ਸਪੀਕਰ ਸਾਹਿਬ, ਮੈਂ 90 ਕਰੋੜ ਰੁਪਏ ਦਾ ਹਿਸਾਬ ਮੰਗ ਰਿਹਾ ਹਾਂ। ਇਹ ਕਹਿੰਦੇ ਹਨ ਕਿ ਸਾਡੇ ਕੋਲ ਆਇਆ ਹੀ ਨਹੀਂ। Before we bring a breach of privilege against...., ਜਦੋਂ ਤੁਹਾਨੂੰ ਸੇਵਾ ਦਾ ਮੌਕਾ ਦਿੱਤਾ ਹੈ, I don't think you are prepared for this ਅਸੀਂ ਤਾਂ ਅੱਗੇ ਸਵਾਲ ਕਰਨਾ ਚਾਹੁੰਦੇ ਸੀ ਕਿ ਜਿਹੜਾ ਮਿਨਾਓਰਟੀ ਵਾਲਾ ਪੈਸਾ ਹੈ, that is also approximately the same amount. 100 ਕਰੋੜ ਰੁਪਏ ਤੋਂ ਵਧੇਰੇ ਮਿਨਾਓਰਟੀ ਸਟੂਡੈਂਟਸ ਲਈ ਪੈਸਾ ਪੰਜਾਬ ਵਿੱਚ ਆਇਆ ਹੈ। ਕਿੰਨੇ ਮਿਨਾਓਰਟੀ ਸਟੂਡੈਂਟਸ ਨੂੰ ਦਿੱਤੇ ਹਨ?

ਮਾਨਯੋਗ ਸਪੀਕਰ : ਮਿਨਾਓਰਟੀ ਦਾ ਇਸ ਪ੍ਰਸ਼ਨ ਨਾਲ ਕਨਸਰਨ ਨਹੀਂ ਹੈ।

Shri Sunil Jakhar : Sir, you cannot dismiss this question. ਚਲੋ ਤੁਸੀਂ ਇਸ ਦਾ ਜਵਾਬ ਦਿਵਾ ਦਿਓ। Where has the money gone ? ਮਨਿਸਟਰ ਸਾਹਿਬ, 108 ਕਰੋੜ ਰੁਪਿਆ ਤੁਹਾਡੇ ਕੋਲ ਰਿਸੀਵ ਹੋਇਆ ਹੈ, please say, Just

[ਸ੍ਰੀ ਸੁਨੀਲ ਜਾਖੜ]

please mention that. I have a document, ਮੈਂ ਤੁਹਾਨੂੰ ਸੈਂਟਰ ਗੌਰਮਿੰਟ ਦੀ ਚਿੱਠੀ ਪੜ੍ਹ ਕੇ ਸੁਣਾ ਦਿੰਦਾ ਹਾਂ।

ਮਾਨਯੋਗ ਸਪੀਕਰ: ਪੈਸਾ ਰਿਸੀਵ ਹੋਇਆ ਹੈ ਕਿ ਨਹੀਂ? ਇਹ ਕੁਐਸਚਨ ਹੈ।

Shri Sunil Jakhar : Sir, I am not here to embarrass the Hon'ble Minister. Let him take time. Let him come prepared. Let him come with the answer tomorrow morning.

ਮੰਤਰੀ : ਸਪੀਕਰ ਸਾਹਿਬ, ਜਿਹੜਾ ਕੁਐਸਚਨ ਹੈ, ਉਹ ਹੈ-

(ੳ) ਸਾਲ 2010-11 ਅਤੇ 2011-12 ਦੌਰਾਨ ਐਸ.ਸੀ. ਬੱਚਿਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਭਾਰਤ ਸਰਕਾਰ ਨੇ ਕਿੰਨਾ-ਕਿੰਨਾ ਫੰਡ ਕਿਹੜੀ-ਕਿਹੜੀ ਮਿਤੀ ਨੂੰ ਜਾਰੀ ਕੀਤਾ ;

(ਅ) ਰਾਜ ਸਰਕਾਰ ਨੇ ਕਿਸ ਕਿਸ ਮਿਤੀ ਨੂੰ ਕਿੰਨਾ-ਕਿੰਨਾ ਫੰਡ ਬੱਚਿਆਂ ਨੂੰ ਜਾਰੀ ਕੀਤਾ ?

ਇਹ ਕੁਐਸਚਨ ਹੈ ਅਤੇ ਸਾਡਾ ਜਵਾਬ ਕਲੀਅਰ ਹੈ। ਜੇਕਰ ਹੋਰ ਕੁਝ ਪੁੱਛਣਾ ਹੈ ਤਾਂ ਵੱਖਰਾ ਸਵਾਲ ਦੇ ਦੇਣ।

Shri Sunil Jakhar : Speaker Sahib, let us not make a joke of this House. Let us maintain the dignity of this House. Speaker Sahib, please indulge me. ਤੁਸੀ ਇਸ ਗੱਲ ਤੇ ਐਗਰੀ ਕਰਦੇ ਹੋ ਕਿ ਨਹੀਂ ਕਿ ਦਲਿਤ ਬੱਚਿਆਂ ਵਾਸਤੇ ਜਿਹੜਾ ਪੈਸਾ ਹੈ... Is it worth discussing in this House or not ? If it is, then let him give reply. Let him come prepared tomorrow morning. ਆਨਰੇਬਲ ਚੀਫ ਮਨਿਸਟਰ ਸਾਹਿਬ ਬੈਠੇ ਹਨ। ਤੁਸੀਂ ਕਹਿੰਦੇ ਹੋ ਕਿ ਸਾਰੇ ਦਲਿਤ ਕਾਂਗਰਸ ਨੂੰ ਛੱਡ ਕੇ ਸਾਡੇ ਕੋਲ ਆ ਗਏ ਹਨ, let us talk about them.

ਮਾਨਯੋਗ ਸਪੀਕਰ : ਤੁਸੀਂ ਸੈਪਰੇਟ ਕੁਐਸਚਨ ਦੇ ਦਿਓ।

ਸ਼੍ਰੀ ਸੁਨੀਲ ਜਾਖੜ : ਸਾਡੇ 24 ਮੈਂਬਰ ਦਲਿਤ ਭਾਈਚਾਰੇ ਦੇ ਬੈਠੇ ਹਨ....(ਵਿਘਨ)....

ਮਾਨਯੋਗ ਸਪੀਕਰ : ਤੁਸੀਂ ਇਸ ਬਾਰੇ ਸੈਪਰੇਟ ਕੁਐਸਚਨ ਦੇ ਦਿਓ।

Shri Sunil Jakhar : This is not a separate question. I am sorry, Speaker Sahib, we will not let the government go scot free. ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਪੈਸਾ ਸੈਂਟਰ ਸਰਕਾਰ ਕੋਲੋਂ ਆਇਆ ਉਹ ਪੈਸਾ ਗਰੀਬਾਂ ਦੇ ਵਿਚ ਵੰਡਿਆ ਨਹੀਂ ਗਿਆ। ਆਨਰੇਬਲ ਚੀਫ ਮਨਿਸਟਰ ਸਾਹਿਬ ਉਠ ਕੇ ਇਸ ਦੇ ਬਾਰੇ ਬਿਆਨ ਦੇ ਦੇਣ।

ਮਾਨਯੋਗ ਸਪੀਕਰ : ਨਹੀਂ, ਪਲੀਜ਼ ਇਹ ਨਹੀਂ। ਤੁਸੀਂ ਪਹਿਲਾਂ ਮੇਰੀ ਗੱਲ ਸੁਣ ਲਵੋ। (ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਸ ਦਾ ਜਵਾਬ ਦੇਣਾ ਪਵੇਗਾ.... (ਵਿਘਨ)....

ਮਾਨਯੋਗ ਸਪੀਕਰ : ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਹਾਂ ਉਹ ਤੁਸੀਂ ਸੁਣ ਲਵੋ..... (ਵਿਘਨ)....

ਸ਼੍ਰੀ ਸੁਨੀਲ ਜਾਖੜ : ਨਹੀਂ ਜੀ, ਮੈਂ ਸੀ.ਐਮ. ਸਾਹਿਬ ਤੋਂ ਜਾਣਕਾਰੀ ਲੈਣੀ ਚਾਹਾਂਗਾ.... (ਵਿਘਨ) I am asking the Hon'ble Minister.....

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ... this is not the way. Speaker Sahib, he is wasting the time of the House.

ਮਾਨਯੋਗ ਸਪੀਕਰ : ਮਿੱਤਲ ਸਾਹਿਬ, ਤੁਸੀਂ ਬੈਠ ਜਾਓ। ...(ਵਿਘਨ)... ਜਾਖੜ ਸਾਹਿਬ, ਤੁਸੀਂ ਪਹਿਲਾਂ ਮੇਰੀ ਗੱਲ ਤਾਂ ਸੁਣ ਲਵੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਕੱਲ੍ਹ ਤੱਕ ਦਾ ਟਾਈਮ ਲੈ ਲਵੋ ਜਾਂ ਫਿਰ ਉਨ੍ਹਾਂ ਨੂੰ ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਹੁਰਾਂ ਨੂੰ ਫੜ੍ਹਾ ਦਿਉ। I am asking the Hon'ble Minister. Moreover, I am being reasonable.... (ਵਿਘਨ)......

ਮਾਨਯੋਗ ਸਪੀਕਰ : ਜਾਖੜ ਸਾਹਿਬ, ਕੁਐਸਚਨ ਜਿਹੜਾ ਆਪਣਾ ਹੈ ਉਹ ਇਹ ਹੈ ਕਿ ਸਾਲ 2010-11, ਸਾਲ 2011-12 ਦੌਰਾਨ ਐਸ.ਸੀ. ਬੱਚਿਆਂ ਦੇ ਲਈ

[ਮਾਨਯੋਗ ਸਪੀਕਰ]

ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਭਾਰਤ ਸਰਕਾਰ ਨੇ ਕਿੰਨਾ-ਕਿੰਨਾ ਫੰਡ ਕਿਹੜੀ ਕਿਹੜੀ ਮਿਤੀ ਨੂੰ ਜਾਰੀ ਕੀਤਾ। ਮੇਰਾ ਮਤਲਬ ਹੈ ਕਿ ਜੇਕਰ ਤੁਹਾਨੂੰ ਇਸ ਸਮੇਂ ਦੇ ਦੌਰਾਨ ਪੁੱਛਣਾ ਹੈ ਤਾਂ ਇਸ ਬਾਰੇ ਪੁੱਛ ਸਕਦੇ ਹੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੰਤਰੀ ਜੀ ਇਸ ਦਾ ਜਵਾਬ ਦੇ ਦੇਣ ਕਿ ਸਾਲ 2010-11 ਅਤੇ ਸਾਲ 2011-12 ਦੌਰਾਨ ਕਿੰਨਾ ਪੈਸਾ ਆਇਆ ਹੈ। ਮੈਂ ਤਾਂ ਇਹ ਹੀ ਪੁੱਛ ਰਿਹਾ ਹਾਂ। ਇਹ ਤਾਂ ਬਹੁਤ ਸਿੰਪਲ ਕੁਐਸਚਨ ਹੈ ਇਨ੍ਹਾਂ ਦੋ ਸਾਲਾਂ ਦੇ ਦੌਰਾਨ ਕਿੰਨਾ ਪੈਸਾ ਆਇਆ ਹੈ।

ਮੰਤਰੀ : ਸਪੀਕਰ ਸਾਹਿਬ, ਸਾਲ 2010-11 ਦੇ ਵਿੱਚ 5814.58 ਲੱਖ ਰੁਪਏ ਜੀ.....

ਸ਼੍ਰੀ ਸੁਨੀਲ ਜਾਖੜ : ਤੁਸੀਂ ਕਰੋੜ ਕਹੋ ਜੀ।

ਮੰਤਰੀ : ਤੁਸੀਂ ਕਰੋੜ ਬਣਾ ਲਵੋ।

ਮਾਨਯੋਗ ਸਪੀਕਰ : ਤੁਸੀਂ ਐਗਜ਼ੈਕਟ ਦੱਸੋ।

ਮੰਤਰੀ : ਸਾਲ 2010-11 ਦੇ ਵਿੱਚ 58 ਕਰੋੜ 14 ਲੱਖ ਅਤੇ ਸਾਲ 2011-12 ਦੇ ਵਿੱਚ 1680 ਲੱਖ ਅਤੇ 3415.92 ਲੱਖ ਰੁਪਿਆ ਆਇਆ ਹੈ। ਇਹ ਸਾਰਾ ਜਵਾਬ ਅਸੀਂ ਅਨੁਲੱਗ 'ਅ' ਵਿੱਚ ਦੇ ਦਿੱਤਾ ਹੈ। ਇਹ ਸਾਰਾ ਪੈਸਾ ਅਸੀਂ ਬੱਚਿਆਂ ਨੂੰ ਦੇ ਦਿੱਤਾ ਹੈ।

Shri Sunil Jakhar : Speaker Sahib, he is inviting the breach of privilege. He is clearly inviting the breach of privilege. ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 108 ਕਰੋੜ ਰੁਪਿਆ ਦਿੱਤਾ ਹੈ, this is precisely what I am saying. Why are you being so partial Speaker Sahib. (interruption) This will not be allowed to go.

ਮਾਨਯੋਗ ਸਪੀਕਰ : ਨਹੀਂ ਜੀ, ਤੁਸੀਂ ਬੈਠ ਜਾਓ... (ਵਿਘਨ)....

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਸਿੰਪਲ ਅਰਥ-ਮੈਥੇਟਿਕਸ ਸਵਾਲ ਹੈ। ਸਪੀਕਰ ਸਾਹਿਬ, 51 ਕਰੋੜ ਰੁਪਿਆ ਇਕ ਆਇਆ ਹੈ, 16 ਕਰੋੜ ਰੁਪਿਆ ਇਕ

ਆਇਆ ਹੈ, 34 ਕਰੋੜ ਰੁਪਿਆ ਇਕ ਆਇਆ ਹੈ, ਇਹ ਕਿੰਨਾ ਹੋ ਗਿਆ.....(ਵਿਘਨ).....

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) : ਸਪੀਕਰ ਸਾਹਿਬ, ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ.....

ਮਾਨਯੋਗ ਸਪੀਕਰ : ਜਾਖੜ ਜੀ, ਤੁਸੀਂ ਬੈਠੋ, ਐਫ.ਐਮ. ਸਾਹਿਬ ਖੜ੍ਹੇ ਹਨ ਉਹ ਕੁਝ ਕਹਿਣਾ ਚਾਹੁੰਦੇ ਹਨ। ਤੁਸੀਂ ਪਹਿਲਾਂ ਉਨ੍ਹਾਂ ਨੂੰ ਸੁਣ ਲਵੋ.....(ਵਿਘਨ)......

ਸ਼੍ਰੀ ਸੁਨੀਲ ਜਾਖੜ : ਫਾਇਨਾਂਸ ਮਨਿਸਟਰ ਸਾਹਿਬ ਨੇ ਇਸ ਵਿਚ ਕੀ ਕਰਨਾ ਹੈ, ਇਸ ਵਿਚ ਤਾਂ ਫਾਇਨਾਂਸ ਮਨਿਸਟਰ ਸਾਹਿਬ ਨੇ ਟਾਂਕਾ ਲਗਾਇਆ ਹੋਵੇਗਾ। (ਵਿਘਨ) Joshi Sahib, please do not dismiss this issue. ਤੁਹਾਨੂੰ ਇਸ ਦਾ ਜਵਾਬ ਲੋਕਾਂ ਦੇ ਵਿਚ ਜਾ ਕੇ ਦੇਣਾ ਪਵੇਗਾ, ਜਦੋਂ ਗਰੀਬ ਲੋਕਾਂ ਦੇ ਬੱਚਿਆਂ ਨੂੰ ਪੈਸੇ ਨਾ ਮਿਲੇ ਅਤੇ ਉਨ੍ਹਾਂ ਬੱਚਿਆਂ ਨੇ ਘੇਰ ਲਿਆ।....(ਵਿਘਨ).... We have only agreed to listen to the F.M. or let the Hon'ble C.M.

ਮਾਨਯੋਗ ਸਪੀਕਰ : ਤੁਸੀਂ ਪਹਿਲਾਂ ਐਫ.ਐਮ. ਸਾਹਿਬ ਨੂੰ ਸੁਣ ਲਵੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ। ਹਾਂ ਜੀ, ਐਫ.ਐਮ. ਸਾਹਿਬ ਦੀ ਗੱਲ ਸੁਣ ਲਵੋ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ 109 ਕਰੋੜ ਰੁਪਏ ਦੀ ਰਾਸ਼ੀ ਸਾਰੀ ਦੀ ਸਾਰੀ ਅਸੀਂ ਰਿਲੀਜ਼ ਕਰ ਚੁੱਕੇ ਹਾਂ....(ਵਿਘਨ).... ਸਪੀਕਰ ਸਾਹਿਬ, ਸਾਲ 2010-11, ਸਾਲ 2011-12 ਵਿਚ 109 ਕਰੋੜ ਰੁਪਿਆ ਪ੍ਰਾਪਤ ਹੋਇਆ ਹੈ ਤੇ ਅਸੀਂ ਸਾਲ 2012-13 ਦੇ ਵਿਚ 109 ਕਰੋੜ ਰੁਪਿਆ ਹੀ ਰਿਲੀਜ਼ ਕਰ ਚੁੱਕੇ ਹਾਂ, ਇਹ ਮੈਂ ਇਸ ਸਦਨ ਦੇ ਧਿਆਨ ਵਿਚ ਇਥੇ ਖੜ੍ਹਾ ਹੋ ਕੇ ਲਿਆ ਰਿਹਾ ਹਾਂ। (ਥੰਪਿੰਗ)

**Not recorded as ordered by the Chair.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, 2010-11 ਵਿਚ ਇਨ੍ਹਾਂ ਨੇ ਕਿਹਾ ਹੈ ਕਿ 51 ਕਰੋੜ ਰੁਪਿਆ...(ਵਿਘਨ)..... ਸਪੀਕਰ ਸਾਹਿਬ, ਤੁਸੀਂ ਦਿੱਲੀ ਜਾ ਕੇ ਸਪੀਚ ਦਿੱਤੀ, ਤੁਸੀਂ ਸਪੀਚ ਦਿੱਤੀ ਲੁਧਿਆਣਾ ਵਿਖੇ ਕਿ ਬਾਬਾ ਸਾਹਿਬ ਅੰਬੇਦਕਰ ਸਾਹਿਬ ਨੂੰ ਉਨ੍ਹਾਂ ਦਾ ਬਣਦਾ ਸਨਮਾਨ ਨਹੀਂ ਮਿਲਿਆ..... ਤੁਸੀਂ ਉਨ੍ਹਾਂ ਦੇ ਬੱਚਿਆਂ ਨੂੰ ਇਹ ਸਨਮਾਨ ਦੇ ਰਹੇ ਹੋ? (ਆਪੋਜੀਸ਼ਨ ਪਾਰਟੀ ਵੱਲੋਂ ਥੰਪਿੰਗ) ਤੁਸੀਂ ਇਹ ਕਹਿ ਰਹੇ ਹੋ? Are you talking about this..... ਪ੍ਰੋਮੋਸ਼ਨ ਵਾਸਤੇ ਸਰਕਾਰ ਲੜ ਰਹੀ ਹੈ। ਸਪੀਕਰ ਸਾਹਿਬ, ਇੱਕ ਸਾਲ ਦਾ ਬੱਚਿਆਂ ਦਾ ਪੈਸਾ ਕਿੱਥੇ ਗਿਆ? (ਸ਼ੋਰ, ਵਿਘਨ) I do not want to indulge into this kind of act.

ਮਾਨਯੋਗ ਸਪੀਕਰ : (ਸ਼ੋਰ)..... (ਵਿਘਨ).... ਜਾਖੜ ਸਾਹਿਬ, please, now sit down. ਉਨ੍ਹਾਂ ਨੇ ਜਵਾਬ ਤੁਹਾਨੂੰ ਦੇ ਦਿੱਤਾ ਹੈ ਕਿ ਅਸੀਂ ਇੰਨਾ ਟੋਟਲ ਪੈਸਾ ਇਨ੍ਹਾਂ ਨੂੰ ਦੇ ਚੁੱਕੇ ਹਾਂ।

ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ : ਕਾਂਗਰਸ ਕੋਲ ਕਹਿਣ ਲਈ ਹੁਣ ਕੋਈ ਗੱਲ ਨਹੀਂ ਹੈ। ਇਸ ਕਰਕੇ ਇਹ ਬੇਬੁਨਿਆਦ ਗੱਲਾਂ ਕਰ ਰਹੇ ਹਨ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜੀਸ਼ਨ ਪਾਰਟੀ ਤੋਂ ਕਾਫੀ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਮਾਨਯੋਗ ਸਪੀਕਰ : ਇਹ ਕੁਝ ਵੀ ਰਿਕਾਰਡ ਨਹੀਂ ਕੀਤਾ ਜਾਵੇਗਾ, ਜੋ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ।

ਸ਼੍ਰੀ ਸੁਨੀਲ ਜਾਖੜ : ਫਿਲੌਰ ਸਾਹਿਬ, ਤੁਸੀਂ ਕਹਿ ਰਹੇ ਹੋ ਕਿ ਮੈਂ ਉਸ ਵੇਲੇ ਗੌਰਮਿੰਟ ਵਿੱਚ ਨਹੀਂ ਸੀ ਇਸ ਕਰਕੇ I am referring to the Hon'ble Chief Minister. He was the Head of the Government. Even not only then but today also he is the Head of the Government.

ਡਾਕਟਰ ਦਲਜੀਤ ਸਿੰਘ ਚੀਮਾ : ਜਾਖੜ ਸਾਹਿਬ, ਤੁਸੀਂ ਇਕੱਲਿਆਂ ਨੇ ਹੀ ਨਹੀਂ ਬੋਲਣਾ, ਬਾਕੀਆਂ ਨੇ ਵੀ ਕੁਐਸਚਨ ਆਵਰ ਵਿੱਚ ਬੋਲਣਾ ਹੈ...(ਸ਼ੋਰ, ਵਿਘਨ).....

ਸ਼੍ਰੀ ਸੁਨੀਲ ਜਾਖੜ : ਇਹ 58.00 ਕਰੋੜ ਰੁਪਿਆ ਕਿੱਥੇ ਗਿਆ? ਕਿਉਂ ਨਹੀਂ ਗਰੀਬ ਬੱਚਿਆਂ ਨੂੰ ਮਿਲਿਆ?....(ਸ਼ੋਰ, ਵਿਘਨ).....

ਮਾਨਯੋਗ ਸਪੀਕਰ : ਤੁਹਾਨੂੰ ਇਸ ਵਿੱਚ ਕੀ ਸ਼ੱਕ ਹੈ, ਉਨ੍ਹਾਂ ਨੇ ਕਿਹਾ ਹੈ ਕਿ ਅਸੀਂ 109 ਕਰੋੜ ਰੁਪਿਆ ਰਿਲੀਜ਼ ਕਰ ਦਿੱਤਾ ਹੈ।

Shri Sunil Jakhar : I am not an accountant. I am not here to check the accounts of the Government. I am holding the Government accountable for the money it has received. (ਸ਼ੋਰ, ਵਿਘਨ)

ਮਾਨਯੋਗ ਸਪੀਕਰ : ਉਨ੍ਹਾਂ ਨੇ ਇਸ ਬਾਰੇ ਜਵਾਬ ਦੇ ਦਿੱਤਾ ਹੈ।

ਸ਼੍ਰੀ ਸੁਨੀਲ ਜਾਖੜ : ਜਵਾਬ ਤਾਂ ਆ ਗਿਆ ਹੈ। 109 ਕਰੋੜ ਰੁਪਿਆ ਗਰੀਬਾਂ ਦਾ ਸਰਕਾਰ ਖਾ ਕੇ ਬੈਠੀ ਹੈ। (ਸ਼ੋਰ) ਜਿਹੜੀ ਕਹਿੰਦੀ ਹੈ ਕਿ ਸਾਡੇ ਕੋਲ ਪੈਸਾ ਬਹੁਤ ਹੈ। I request you. Hon'ble Speaker Sahib, let the Chief Minister get up and make a statement.

Chief Minister : Minister has to do.

Shri Sunil Jakhar : He has agreed to the culpability of your Government.

ਮੁੱਖ ਮੰਤਰੀ : ਫਾਇਨਾਂਸ ਮਨਿਸਟਰ ਇਸ ਦਾ ਜਵਾਬ ਦੇ ਰਹੇ ਹਨ।

Shri Sunil Jakhar : Finance Minister has only confirmed what I am saying and has conceded what I have said. (ਸ਼ੋਰ, ਵਿਘਨ)

ਡਾਕਟਰ ਦਲਜੀਤ ਸਿੰਘ ਚੀਮਾ : ਜਾਖੜ ਸਾਹਿਬ, ਤੁਸੀਂ ਬਾਕੀ ਮੈਂਬਰਾਂ ਦੇ ਹੱਕ ਨਾ ਮਾਰੋ। ਤੁਸੀਂ ਬਾਕੀ ਇਲਾਕਿਆਂ ਦੀਆਂ ਸਮੱਸਿਆਵਾਂ ਵੀ ਹੱਲ ਹੋਣ ਦਿਓ। ਸਾਡੀਆਂ ਵੀ ਆਪਣੇ ਹਲਕਿਆਂ ਦੀਆਂ ਸਮੱਸਿਆਵਾਂ ਹਨ। (ਸ਼ੋਰ, ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ** ** ਨਾਅਰੇ ਲਗਾ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤੇ

**Not recorded as ordered by the Chair.

ਗਏ। ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਮਾਨਯੋਗ ਸਪੀਕਰ : ਡਾਕਟਰ ਦਲਜੀਤ ਸਿੰਘ ਚੀਮਾ ਜੀ, ਤੁਸੀਂ ਆਪਣਾ ਸਵਾਲ ਬੋਲੋ। .....(ਵਿਘਨ)..... ਜਾਖੜ ਸਾਹਿਬ, ਉਹ ਕਹਿ ਰਹੇ ਹਨ ਕਿ ਪੈਸਾ ਅਸੀਂ ਰਿਲੀਜ਼ ਕਰ ਦਿੱਤਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਗਰੀਬਾਂ ਦਾ ਰਿਣ ਕਿਵੇਂ ਉਤਾਰਨਗੇ? ਦਲਿਤਾਂ ਦਾ ਰਿਣ ਕਿਵੇਂ ਉਤਾਰਨਗੇ ?

(ਕੁਝ ਅਵਾਜ਼ਾਂ: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਜਵਾਬ ਦੇ ਦੇਣ।)

ਮਾਨਯੋਗ ਸਪੀਕਰ : ਮੇਰੀ ਗੱਲ ਤਾਂ ਸੁਣ ਲਵੋ (ਵਿਘਨ) ਇਹ ਸੁਣ ਲਵੋ ਕਿ ਕੀ ਕਹਿਣਾ ਚਾਹੁੰਦੇ ਹਾਂ (ਵਿਘਨ) ਮੇਰੀ ਸੁਣ ਲਵੋ, ਪਲੀਜ਼।

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਆਪਣਾ ਕੁਐਸਚਨ ਪੁੱਟ ਕਰਨਾ ਚਾਹੁੰਦਾ ਹਾਂ (ਵਿਘਨ) (ਸ਼ੋਰ) ਇਹ ਮੇਰਾ ਹੱਕ ਹੈ ਜੀ। (ਵਿਘਨ) (ਸ਼ੋਰ) ਮੇਰਾ ਕੁਐਸਚਨ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਤੁਹਾਡਾ ਕੁਐਸਚਨ ਆ ਜਾਵੇਗਾ, ਪਹਿਲਾਂ ਇਸ ਪ੍ਰਸ਼ਨ ਦਾ ਜਵਾਬ ਤਾਂ ਲੈ ਲਈਏ। (ਵਿਘਨ) (ਸ਼ੋਰ)

Mr. Speaker : Sit down, please

ਸ਼੍ਰੀ ਸੁਨੀਲ ਜਾਖੜ : ਨਹੀਂ ਸਪੀਕਰ ਸਾਹਿਬ, ਪਲੀਜ਼। ਮੇਰੀ ਗੱਲ ਸੁਣੋ। (ਵਿਘਨ) (ਸ਼ੋਰ) ਮੈਂ ਉਹੀ ਗੱਲ ਕਹਿਣ ਲੱਗਾ ਹਾਂ (ਵਿਘਨ) (ਸ਼ੋਰ) we know it. This issue is even more important than the issue of law and order. (ਵਿਘਨ) (ਸ਼ੋਰ) This is very root of the democracy. (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸੀ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਮਾਨਯੋਗ ਸਪੀਕਰ : ਸੋਢੀ ਸਾਹਿਬ, ਤੁਸੀਂ ਵੀ ਬੈਠ ਜਾਉ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜਾ ਜਵਾਬ ਇਨ੍ਹਾਂ ਨੇ ਮੰਗਿਆ ਹੈ.....(ਵਿਘਨ) (ਸ਼ੋਰ) ਇਨ੍ਹਾਂ ਨੇ ਕਿਹਾ ਹੈ ਕਿ 109 ਕਰੋੜ ਰੁਪਿਆ....(ਵਿਘਨ) (ਸ਼ੋਰ)....

ਮਾਨਯੋਗ ਸਪੀਕਰ : ਦੇਖੋ ਜੀ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 109 ਕਰੋੜ ਰੁਪਿਆ ਆਇਆ ਹੈ। ਆਏ ਹੋਏ ਪੈਸੇ ਬਾਰੇ ਇਹ ਕਹਿੰਦੇ ਹਨ ਕਿ ਰਿਲੀਜ਼ ਕਰ ਦਿੱਤਾ ਹੈ, ਫਿਰ ਇਸ ਤੇ ਹੁਣ ਆਪਾਂ ਨੂੰ ਕੀ ਇਤਰਾਜ਼ ਹੈ? ਮੈਂ ਅਗਲਾ ਕੁਐਸਚਨ ਬੋਲ ਚੁੱਕਿਆ ਹਾਂ। (ਵਿਘਨ) (ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਜਿਹੜਾ 51 ਕਰੋੜ ਰੁਪਿਆ ਹੈ, ਜੇ ਕਹੋ ਤਾਂ ਉਸ ਬਾਰੇ ਡੇਟਸ ਕਢਵਾ ਦੇ ਕੇ ਦਿੰਦੇ ਹਾਂ ...(ਵਿਘਨ), (ਸ਼ੋਰ) ਦੋ ਸਾਲ ਹੋ ਗਏ ਹਨ 58 ਕਰੋੜ ਰੁਪਏ ਨੂੰ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਜਿਹੜਾ ਰਿਪਲਾਈ ਮੰਤਰੀ ਸਾਹਿਬ ਨੇ ਦਿੱਤਾ ਹੈ, ਉਸ ਸਬੰਧੀ ਕੋਈ ਪ੍ਰਾਬਲਮ ਆਈ ਹੈ.....(ਵਿਘਨ) (ਸ਼ੋਰ)

ਸ਼੍ਰੀ ਸੁਨੀਲ ਜਾਖੜ : ਸਾਡੇ ਕੋਲ ਤਾਂ ਇਹ ਆਇਆ ਹੀ ਨਹੀਂ.....(ਵਿਘਨ) (ਸ਼ੋਰ)

ਉਪ ਮੁੱਖ ਮੰਤਰੀ : ਨਹੀਂ ਜੀ, ਇਸ ਰਿਪਲਾਈ ਦੀ ਮੇਰੇ ਕੋਲ ਕਾਪੀ ਹੈ। ਸਾਲ 2010-11 ਵਿੱਚ 67 ਕਰੋੜ ਰੁਪਿਆ ਆਇਆ ਹੈ।.....(ਵਿਘਨ) (ਸ਼ੋਰ)......

(ਇੱਕ ਅਵਾਜ਼: ਉਹ 58 ਕਰੋੜ ਰੁਪਏ ਕਹਿ ਰਹੇ ਹਨ।)....(ਵਿਘਨ) (ਸ਼ੋਰ)....

ਉਪ ਮੁੱਖ ਮੰਤਰੀ : ਨਹੀਂ ਜੀ। ਇਹ ਜਿਹੜਾ ਮੰਤਰੀ ਜੀ ਵੱਲੋਂ ਰਿਪਲਾਈ ਆਇਆ ਹੈ, ਇਹ ਪੜ੍ਹੋ। ਮੈਂ ਦੱਸਦਾ ਹਾਂ ਕਿ ਇਸ ਦੇ ਵਿੱਚ 9 ਕਰੋੜ ਰੁਪਿਆ ਸਟੇਟ ਸ਼ੇਅਰ ਵਿੱਚੋਂ ਪਾਇਆ ਗਿਆ ਹੈ। ਸੈਂਟਰ ਗੌਰਮਿੰਟ ਨੇ ਤਾਂ 58 ਕਰੋੜ ਰੁਪਿਆ ਹੀ ਦਿੱਤਾ ਹੋਣਾ ਹੈ। ਅਸੀਂ ਆਪਣਾ ਸਟੇਟ ਗੌਰਮਿੰਟ ਦਾ ਸ਼ੇਅਰ ਵੀ ਵਿੱਚ ਪਾਇਆ ਹੈ। ਇਹ ਤਰੀਕਾਂ ਵੀ ਲਿਖੀਆਂ ਹਨ। ਮੇਰਾ ਖਿਆਲ ਹੈ ਕਿ ਜੇ ਤੁਸੀਂ ਜਵਾਬ ਪੜ੍ਹ ਲਵੋਗੇ ਤਾਂ ਦੇਖੋਗੇ ਕਿ ਉਸ ਦੇ ਅਗੇਂਸਟ ਤਰੀਕਾਂ ਵੀ ਲਿਖੀਆਂ ਹੋਈਆਂ ਹਨ। ਜਿਹੜਾ 2010-11 ਵਿੱਚ ਟੋਟਲ 67 ਕਰੋੜ ਰੁਪਿਆ ਹੈ, ਇਹ ਸਟੇਟ ਸ਼ੇਅਰ ਸਮੇਤ ਹੈ। ਮਿਤੀ 6.6.2011 ਨੂੰ ਡੀ.ਪੀ.ਆਈ (ਕਾਲਜਿਜ਼) ਨੂੰ ਵਿੱਚੋਂ ਪੈਸਾ ਭੇਜਿਆ ਗਿਆ ਹੈ। ਉਨ੍ਹਾਂ ਨੂੰ 21.26 ਕਰੋੜ ਰੁਪਿਆ ਭੇਜਿਆ ਗਿਆ ਹੈ। 6.6.2011 ਨੂੰ ਡਾਇਰੈਕਟਰ, ਤਕਨੀਕੀ ਸਿੱਖਿਆ ਨੂੰ 3.30 ਕਰੋੜ ਰੁਪਿਆ ਭੇਜਿਆ ਗਿਆ ਹੈ। ਫਿਰ ਮਿਤੀ 6.6.2011 ਨੂੰ ਡਾਇਰੈਕਟਰ,

[ਉਪ ਮੁੱਖ ਮੰਤਰੀ]

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਨੂੰ 17.38 ਕਰੋੜ ਰੁਪਿਆ ਭੇਜਿਆ ਗਿਆ ਹੈ। ਫਿਰ ਮਿਤੀ 6.6.2011 ਨੂੰ ਹੀ ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਨੂੰ ਭੇਜਿਆ ਗਿਆ ਹੈ। ਇਹ ਡੇਟਸ ਦਿੱਤੀਆਂ ਗਈਆਂ ਹਨ ਕਿ ਕਿੰਨਾ-ਕਿੰਨਾ ਪੈਸਾ ਕਿਸ-ਕਿਸ ਡਿਪਾਰਟਮੈਂਟ ਨੂੰ ਭੇਜਿਆ ਗਿਆ ਹੈ। (ਵਿਘਨ) (ਸ਼ੋਰ) ਟੋਟਲ 67.06 ਕਰੋੜ ਰੁਪਿਆ ਹੈ, ਡੇਟਸ ਸਮੇਤ ਦਿੱਤਾ ਗਿਆ ਹੈ। (ਵਿਘਨ) (ਸ਼ੋਰ)

ਸ੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਡਾਇਰੈਕਟਰ, ਡਾਕਟਰੀ ਸਿਖਿਆ ਤੇ ਖੋਜ ਵਿਭਾਗ ਦਾ ਇਸ ਦੇ ਨਾਲ ਕੀ ਦੇਣਾ ਲੈਣਾ ਹੈ? ਕਿਸਨੂੰ ਇਹ ਪੈਸਾ ਦਿੱਤਾ ਹੈ? (ਵਿਘਨ) (ਸ਼ੋਰ) They have misused this money. He has admitted it. This is precisely our accusation. (ਵਿਘਨ) (ਸ਼ੋਰ) ਇਹ ਪੈਸਾ ਮਿਸ-ਐਪਰੋਪ੍ਰੀਏਟ ਹੋਇਆ ਹੈ। (ਵਿਘਨ) (ਸ਼ੋਰ)

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਇੰਨਾ ਜੋਸ਼ ਵਿੱਚ ਆਉਣ ਦੀ ਗੱਲ ਨਹੀਂ ਹੈ। ਗੱਲ ਇੰਨੀ ਹੀ ਹੈ ਕਿ....(ਵਿਘਨ) (ਸ਼ੋਰ)... ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜੋ ਇਨ੍ਹਾਂ ਨੇ ਕੁਐਸਚਨ ਪੁੱਛਿਆ ਸੀ, ਉਸ ਦਾ ਜਵਾਬ ਦੇ ਦਿੱਤਾ ਹੈ। ਜੇ ਮਾਨਯੋਗ ਲੀਡਰ ਆਫ ਦਿ ਆਪੋਜੀਸ਼ਨ ਇਸ ਤੇ ਕੋਈ ਹੋਰ ਕੁਐਸਚਨ ਕਰਨਾ ਚਾਹੁੰਦੇ ਹਨ ਤਾਂ ਇਹ ਕੁਐਸਚਨ ਦੇ ਸਕਦੇ ਹਨ, we will reply in this House, in this Session. (ਵਿਘਨ) (ਸ਼ੋਰ) Within these two days.

Shri Sunil Jakhar : Hon'ble Minister should come prepared tomorrow.

ਉਪ ਮੁੱਖ ਮੰਤਰੀ : ਤੁਸੀਂ ਲਿਖ ਕੇ ਤਾਂ ਦਿਓ। ਤੁਸੀਂ ਕੁਐਸਚਨ ਪੁੱਛੋ। (ਵਿਘਨ) (ਸ਼ੋਰ) ਜਾਖੜ ਸਾਹਿਬ, ਤੁਸੀਂ ਐਜ਼ ਏ ਲੀਡਰ ਆਫ਼ ਦਿ ਆਪੋਜੀਸ਼ਨ ਹੋ। ਮੈਂ ਰਿਕੁਐਸਟ ਕਰਦਾ ਹਾਂ ਕਿ ਜੋ ਵੀ ਤੁਸੀਂ ਕੁਐਸਚਨ ਕਰਨਾ ਚਾਹੁੰਦੇ ਹੋ, ਉਹ ਲਿਖ ਕੇ ਦੇ ਦਿਓ.... (ਵਿਘਨ)..... ਉਹੀ ਮੈਂ ਜਾਖੜ ਸਾਹਿਬ ਦੱਸ ਰਿਹਾ ਹਾਂ, ਬੱਚਿਆਂ ਨੂੰ ਪੈਸੇ ਮਿਲੇ, O.K. You please send your question. Our Government is ready to reply every question. ਸਪੀਕਰ ਸਾਹਿਬ, ਮੈਂ ਜਾਖੜ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਜਿਹੜੇ ਸਵਾਲ ਵੀ ਪੁੱਛਣੇ ਹਨ, ਤੁਸੀਂ ਸਪੀਕਰ ਸਾਹਿਬ ਨੂੰ ਲਿਖ ਕੇ ਦੇ ਦਿਓ, we will ensure that the reply comes within this session. I cannot

ask the Hon'ble Speaker. ਕਿ ਕੱਲ੍ਹ ਆ ਕੇ ਦਿਓ। Please give us in writing, we will reply. ਮੈਂ ਇਹੀ ਬੇਨਤੀ ਕਰਦਾ ਹਾਂ ਕਿ ਤੁਸੀਂ ਜੇ ਉਨ੍ਹਾਂ ਦਾ ਰਿਪਲਾਈ ਪੜ੍ਹ ਲਓਗੇ, ਜਿਹੜੇ ਕੁਐਸਚਨ ਇਨ੍ਹਾਂ ਨੇ ਪੁੱਛੇ ਹਨ, ਉਨ੍ਹਾਂ ਦੇ ਡਿਟੇਲਡ ਰਿਪਲਾਈ ਵਿਦ ਡੇਟਸ ਦਿੱਤੇ ਹਨ।

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਦੇ ਦਿਓ....

Shri Sunil Jakhar : My submission is that please ensure that the Hon'ble Minister answers these questions tomorrow. ਕਹੋ ਤਾਂ ਮੈਂ ਤੁਹਾਨੂੰ ਲਿਖ ਕੇ ਦੇ ਦਿੰਦਾ ਹਾਂ ਕਿ ਕਿੰਨੀ ਤਾਰੀਖ ਨੂੰ ਕਿੰਨਾ-ਕਿੰਨਾ ਪੈਸਾ ਰਿਸੀਵ ਹੋਇਆ।

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਦੇ ਦਿਓ।

ਉਪ ਮੁੱਖ ਮੰਤਰੀ : ਪੈਸਾ ਬੱਚਿਆਂ ਦੇ ਅਕਾਊਂਟ ਵਿੱਚ ਪਹੁੰਚ ਗਿਆ ਸੀ।

ਮਾਨਯੋਗ ਸਪੀਕਰ : ਮੈਂ ਕਿਹਾ ਜੀ ਜਾਖੜ ਸਾਹਿਬ ਤੁਸੀਂ ਲਿਖ ਕੇ ਦੇ ਦਿਓ।

Shri Sunil Jakhar : I will give you. I will give you in writing. Please ensure that these questions are answered tomorrow.

ਮਾਨਯੋਗ ਸਪੀਕਰ : ਮੈਂ ਸਮਝਦਾ ਹਾਂ ਕਿ ਤਿਆਰੀ ਹੋ ਜਾਵੇ ਔਰ 21 ਤਾਰੀਖ ਨੂੰ ਜਵਾਬ ਆ ਜਾਵੇ।

ਸ਼੍ਰੀ ਸੁਨੀਲ ਜਾਖੜ : ਨਹੀਂ ਨਹੀਂ ਸਪੀਕਰ ਸਾਹਿਬ, now they are back-tracking.

ਮਾਨਯੋਗ ਸਪੀਕਰ : ਤੁਸੀਂ ਫੁਲ ਕੁਐਸਚਨ ਦਾ ਆਨਸਰ ਚਾਹੁੰਦੇ ਹੋ।

ਸ਼੍ਰੀ ਸੁਨੀਲ ਜਾਖੜ : ਇਸ ਨੂੰ ਡੈਫਰ ਕਰ ਦਿਓ।

ਉਪ ਮੁੱਖ ਮੰਤਰੀ : ਜਾਖੜ ਸਾਹਿਬ, we are ready to answer. You tell us what exactly you want. ਬਾਅਦ ਵਿਚ ਤੁਸੀਂ ਟੈਂਜੰਟ (tangent) ਵਿਚ ਨਾ ਜਾਓ। ਸਾਨੂੰ ਪਹਿਲਾਂ ਪਤਾ ਲੱਗ ਜਾਵੇ ਕਿ ਤੁਸੀਂ ਕੁਐਸਚਨ ਕੀ ਪੁੱਛਣਾ ਹੈ।

[ਉਪ ਮੁੱਖ ਮੰਤਰੀ]

ਤੁਸੀਂ ਲਿਖ ਕੇ ਦੇ ਦਿਓ, ਅਸੀਂ ਤੁਹਾਨੂੰ ਜਵਾਬ ਦੇ ਦੇਵਾਂਗੇ, ਤੁਹਾਨੂੰ ਟੈਨਸ਼ਨ ਰੱਖਣ ਦੀ ਲੋੜ ਨਹੀਂ।

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਦੇ ਦਿਓ।

Shri Sunil Jakhar : Running the Government, Hon'ble Chief Minister and Deputy Chief Minister, is not a very easy task.

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਦੇ ਦਿਓ ਜੋ ਤੁਸੀਂ ਚਾਹੁੰਦੇ ਹੋ।

ਸ਼੍ਰੀ ਸੁਨੀਲ ਜਾਖੜ : ਇਹ ਕੰਢਿਆਂ ਦਾ ਤਾਜ ਹੈ, ਤਿਆਰੀ ਤਾਂ ਕਰਨੀ ਹੀ ਪੈਂਦੀ ਹੈ। You have to be prepared. Whether he is not prepared? I am asking the Hon'ble Chief Minister, ਜਵਾਬ ਤੁਹਾਡੇ ਕੋਲ ਹੈ। (ਵਿਘਨ...ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਦੇ ਦਿਓ।

ਸ਼੍ਰੀ ਸੁਨੀਲ ਜਾਖੜ : ਸਾਰਿਆਂ ਨੂੰ ਪਤਾ ਹੈ ਪੈਸਾ ਕਿਥੇ ਗਿਆ। ਆਨਰੇਬਲ ਫਾਇਨਾਂਸ ਮਨਿਸਟਰ ਨੂੰ ਪਤਾ ਹੈ ਪੈਸਾ ਕਿਥੇ ਗਿਆ। ਕਹਿੰਦੇ ਅਸੀਂ ਰਿਲੀਜ਼ ਕਰ ਦਿੱਤੇ। ਹੁਣ ਕਿਉਂ ਕੀਤੇ? ਪਹਿਲਾਂ ਕਿਉਂ ਨਹੀਂ ਸੀ ਕੀਤੇ?

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਦੇ ਦਿਓ। Don't waste the time, please.

ਸ਼੍ਰੀ ਸੁਨੀਲ ਜਾਖੜ : ਕੀ ਕੱਲ੍ਹ ਜਵਾਬ ਦਿਓਗੇ?

ਉਪ ਮੁੱਖ ਮੰਤਰੀ : ਬਾਕੀ ਕੁਐਸਚਨ ਵੀ ਪੁੱਛਣੇ ਹਨ ਤੁਹਾਡੇ ਮੈਂਬਰਜ਼ ਨੇ, ਸਾਡੇ ਮੈਂਬਰਜ਼ ਨੇ I think, rather than repeating the whole argument again and again, we are ready to answer the question, please give us in writing. ਤੁਸੀਂ ਐਗਜ਼ੈਕਟਲੀ ਕੀ ਚਾਹੁੰਦੇ ਹੋ ?

Shri Sunil Jakhar : Will you give the answer tomorrow, when was the money released ? ਬੱਚਿਆਂ ਨੂੰ ਪੈਸੇ ਕਦੋਂ ਮਿਲੇ ?

ਉਪ ਮੁੱਖ ਮੰਤਰੀ : ਮੈਂ ਇਹੀ ਕਹਿੰਦਾ ਹਾਂ, ਜੇ ਸਾਰੀ ਡਿਟੇਲ ਲੈਣੀ ਚਾਹੁੰਦੇ ਹੋ ਤਾਂ ਲਿਖ ਕੇ ਦੇ ਦਿਓ।

ਮਾਨਯੋਗ ਸਪੀਕਰ : ਬਸ ਹੋ ਗਈ ਗੱਲ, ਇਕੋ ਕੁਐਸਚਨ ਤੇ ਨਾ ਲੱਗੇ ਰਹੋ ਹੁਣ, ਤੁਸੀਂ ਲਿਖ ਕੇ ਦੇ ਦਿਓ। (ਵਿਘਨ...ਸ਼ੋਰ)

ਸ਼੍ਰੀ ਸੁਨੀਲ ਜਾਖੜ : ਦਲਿਤ ਬੱਚਿਆਂ ਤੋਂ ਇੰਪਾਰਟੈਂਟ ਕਿਹੜਾ ਕੰਮ ਹੈ? ਕੀ ਸਰਕਟ ਹਾਊਸ ਦੀ ਰਿਪੇਅਰ is more important ? ਸਰਕਟ ਹਾਊਸ ਦੀ ਰਿਪੇਅਰ ਦੇ ਵਾਸਤੇ ਬਾਦਲ ਸਾਹਿਬ ਨੇ ਖੜ੍ਹੇ ਹੋ ਕੇ ਕਹਿ ਦਿੱਤਾ ਕਿ ਕੰਨਸਿਡਰ ਕਰਾਂਗੇ। (ਵਿਘਨ.....ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਦੇ ਦਿਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ **** ਨਾਅਰੇ ਲਗਾ ਰਹੇ ਸਨ।)

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਦੇ ਦਿਓ, ਜਵਾਬ ਦਿਵਾ ਦਿਆਂਗੇ। (ਵਿਘਨ.....ਸ਼ੋਰ).... ਨਾਅਰੇ ਰਿਕਾਰਡ ਨਾ ਕੀਤੇ ਜਾਣ।

Shri Sunil Jakhar : tomorrow......

Mr. Speaker : Not tomorrow, ਅਗਲੇ ਦਿਨ ਹੋ ਸਕਦਾ ਹੈ, 20 ਤਰੀਕ ਨੂੰ ਹੋ ਸਕਦਾ ਹੈ।

ਸ਼੍ਰੀ ਸੁਨੀਲ ਜਾਖੜ : ਜਵਾਬ ਤਾਂ ਦਿੱਤਾ ਨਹੀਂ।

ਮਾਨਯੋਗ ਸਪੀਕਰ : ਜਵਾਬ ਤਾਂ ਦਿੱਤਾ ਜਾ ਸਕਦਾ ਹੈ, ਤੁਹਾਨੂੰ ਲਿਖ ਕੇ ਦੇਣਾ ਚਾਹੀਦਾ ਹੈ। ਤੁਸੀਂ ਲਿਖ ਕੇ ਦੇ ਦਿਓ, ਜਵਾਬ ਦਿਵਾ ਦਿਆਂਗੇ।..... (ਵਿਘਨ)....(ਸ਼ੋਰ)...... ਤੁਸੀਂ ਲਿਖ ਕੇ ਤਾਂ ਦਿਓ।

ਸ਼੍ਰੀ ਸੁਨੀਲ ਜਾਖੜ : ਸਰਕਾਰ ਜਵਾਬ ਤੋਂ ਭੱਜੇਗੀ।

ਉਪ ਮੁੱਖ ਮੰਤਰੀ : ਅਸੀਂ ਭੱਜਣ ਵਾਲੇ ਨਹੀਂ।

ਸ਼੍ਰੀ ਸੁਨੀਲ ਜਾਖੜ : ਤੁਸੀਂ ਭੱਜੇ ਖੜ੍ਹੇ ਹੋ।

ਮਾਨਯੋਗ ਸਪੀਕਰ : ਤੁਸੀਂ ਸਵਾਲ ਤਾਂ ਦਿਓ, ਕਿ ਆਪਾਂ ਨੇ ਹੁਣ ਐਵੇਂ ਰੌਲਾ ਪਾਈ ਜਾਣਾ ਹੈ।

**Not recorded as ordered by the Chair.

ਸ੍ਰੀ ਸੁਨੀਲ ਜਾਖੜ : ਸਰਕਾਰ ਸੈਸ਼ਨ ਤੋਂ ਭੱਜੀ ਖੜ੍ਹੀ ਹੈ। (ਸ਼ੋਰ) (ਵਿਘਨ)......

ਮਾਨਯੋਗ ਸਪੀਕਰ : ਨਹੀਂ ਨਹੀਂ, ਅਗਲਾ ਪ੍ਰਸ਼ਨ, ਹੁਣ ਡਾਕਟਰ ਦਲਜੀਤ ਸਿੰਘ ਜੀ ਚੀਮਾ।.....(ਵਿਘਨ)

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਮੇਰੀ ਇਕ ਗੱਲ ਸੁਣ ਲਓ ਇਕ ਮਿੰਟ, ਤੁਸੀਂ ਹੁਣੇ ਗੱਲ ਕੀਤੀ ਕਿ ਸਰਕਾਰ ਲਾਅ ਐਂਡ ਆਰਡਰ ਤੋਂ ਭੱਜਣ ਲੱਗੀ ਹੈ। ਮੈਂ ਇਹ ਕਹਿ ਰਿਹਾ ਹਾਂ ਕਿ ਤੁਸੀਂ ਭੱਜ ਜਾਉਂਗੇ ਅਸੀਂ ਨਹੀਂ। ਅਸੀਂ ਤਾਂ ਡਿਬੇਟ ਕਰਨ ਨੂੰ ਤਿਆਰ ਹਾਂ.....(ਸ਼ੋਰ)..... ਹੁਣ ਕਰਾਂਗੇ, ਇਸ ਤੋਂ ਬਾਅਦ ਬਹਿਸ ਕਰਨ ਨੂੰ ਤਿਆਰ ਹਾਂ। (ਵਿਘਨ.....ਸ਼ੋਰ) ਮੈਨੂੰ ਲਗਦਾ ਹੈ, ਜਾਖੜ ਸਾਹਿਬ ਭੱਜਣ ਦਾ ਬਹਾਨਾ ਲੱਭ ਰਹੇ ਸੀ (ਵਿਘਨ.....ਸ਼ੋਰ) ਜਾਖੜ ਸਾਹਿਬ, ਅਸੀਂ ਭੱਜਣ ਵਾਲੇ ਨਹੀਂ। (ਵਿਘਨ.....ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਤਾਂ ਦਿਓ, ਕੀ ਚਾਹੁੰਦੇ ਹੋ ਤੁਸੀਂ। (ਵਿਘਨ.....ਸ਼ੋਰ) ਮੈਂ ਕਿਹਾ ਜੀ, ਤੁਸੀਂ ਲਿਖ ਕੇ ਤਾਂ ਦਿਓ।

ਉਪ ਮੁੱਖ ਮੰਤਰੀ : ਤੁਸੀਂ ਲਿਖ ਕੇ ਤਾਂ ਦਿਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** **ਨਾਅਰੇ ਲਗਾ ਰਹੇ ਸਨ।)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡੀ ਬਹੁਤ ਕਦਰ ਕਰਦਾ ਹਾਂ। ਇਸੇ ਲਈ ਇਕ ਦਿਨ ਦਾ ਸਮਾਂ ਦਿੱਤਾ.....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** **ਨਾਅਰੇ ਲਗਾ ਰਹੇ ਸਨ।)

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਤਾਂ ਦਿਓ ਜਵਾਬ ਦਿਵਾ ਦਿਆਂਗੇ। ਤੁਸੀਂ ਬੈਠ ਜਾਓ, please sit down.

**Not recorded as ordered by the Chair.

ਉਪ ਮੁੱਖ ਮੰਤਰੀ: ਜਾਖੜ ਸਾਹਿਬ, ਤੁਸੀਂ ਲਿਖ ਕੇ ਤਾਂ ਦਿਉ (ਵਿਘਨ) (ਸ਼ੋਰ)

ਸ਼੍ਰੀ ਸੁਨੀਲ ਜਾਖੜ : ਫਿਲੌਰ ਸਾਹਿਬ, ਮੈਂ ਤੁਹਾਡੀ ਬਹੁਤ ਇੱਜ਼ਤ ਕਰਦਾ ਹਾਂ। ਮੈਂ ਇਸੇ ਕਰਕੇ ਇੱਕ ਦਿਨ ਦਾ ਟਾਈਮ ਲਿਆ ਹੈ। ਤੁਹਾਨੂੰ ਉਲਝਾ ਰਹੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ****ਨਾਅਰੇ ਲਗਾ ਰਹੇ ਸਨ।)

ਸ਼੍ਰੀ ਸੁਨੀਲ ਜਾਖੜ : ਅਸੀਂ ਗਰੀਬਾਂ ਦੇ ਨਾਲ ਧੱਕਾ ਨਹੀਂ ਹੋਣ ਦਿਆਂਗੇ। ਗਰੀਬ ਵਿਚਾਰੇ ਕਿੱਥੇ ਜਾਣਗੇ? Let the Hon'ble C.M/Dy.C.M make a statement.

ਮਾਨਯੋਗ ਸਪੀਕਰ : ਕੀ ਤੁਹਾਨੂੰ ਮੇਰੀ ਗੱਲ ਸੁਣਦੀ ਨਹੀਂ। ਮੇਰੀ ਗੱਲ ਸੁਣੋ, ਬੈਠ ਜਾਉ। (ਵਿਘਨ).... ਮੰਤਰੀ ਜੀ ਤਾਂ ਬੋਲਣਗੇ, ਜੇ ਤੁਸੀਂ ਬੈਠ ਜਾਓਗੇ। ਸੋਢੀ ਸਾਹਿਬ ਬੈਠ ਜਾਓ।....(ਵਿਘਨ)... (ਸ਼ੋਰ)..... ਨਾਅਰੇ ਰਿਕਾਰਡ ਨਾ ਕੀਤੇ ਜਾਣ।

ਰਾਣਾ ਗੁਰਮੀਤ ਸਿੰਘ ਸੋਢੀ : ਇੱਕ ਮਿੰਟ ਮੈਨੂੰ ਗੱਲ ਕਰ ਲੈਣ ਦਿਉ। ਸਰ, ਸਵਾਲ ਬੜਾ ਸਿੰਪਲ ਹੈ। ਇਹ ਜਿਹੜਾ ਰੱਕਸ ਕਰੀਏਟ ਹੋਇਆ ਹੈ, ਇਹ ਇਸ ਕਰਕੇ ਹੈ ਕਿਉਂਕਿ ਮੰਤਰੀ ਜੀ ਦੇ ਕੋਲ ਪਰਾਪਰ ਜਵਾਬ ਨਹੀਂ ਹੈ। ਸਰ, ਇੱਕ ਮਿੰਟ ਗੱਲ ਤਾਂ ਸੁਣ ਲਓ। Give me a chance for one minute. My colleague is asking ਕਿ ਪੈਸਾ ਰਿਲੀਜ਼ ਹੋ ਗਿਆ ਹੈ ਪਰ ਬੈਨੀਫਿਸ਼ਰੀਜ਼ ਕੌਣ ਹਨ,ਬੈਨੀਫਿਸ਼ਰੀਜ਼ ਦੀ ਲਿਸਟ by name ਦੇ ਦਿਉ, we are satisfied. Why can't they give the list of beneficiaries. (ਵਿਘਨ) (ਸ਼ੋਰ)

ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਇਹ ਪ੍ਰਸ਼ਨ ਕਾਲ ਹੈ ਜਾਂ ਡਿਬੇਟ ਹੋ ਰਹੀ ਹੈ। (ਵਿਘਨ) (ਸ਼ੋਰ)

ਰਾਣਾ ਗੁਰਮੀਤ ਸਿੰਘ ਸੋਢੀ : ਫਾਇਨਾਂਸ ਮਨਿਸਟਰ ਕਹਿ ਰਹੇ ਹਨ ਕਿ ਪੈਸਾ ਰਿਲੀਜ਼ ਹੋ ਗਿਆ ਹੈ। ਸਾਡੇ ਐਮ.ਐਲ.ਏ ਕਹਿ ਰਹੇ ਹਨ ਕਿ ਪੈਸਾ ਵੰਡਿਆ

**Not recorded as ordered by the Chair.

[ਰਾਣਾ ਗੁਰਮੀਤ ਸਿੰਘ ਸੋਢੀ]

ਨਹੀਂ ਗਿਆ। ਸਵਾਲ ਸਾਡਾ ਇਹੀ ਹੈ ਕਿ ਬੈਨੀਫਿਸ਼ਰੀਜ਼ ਦੀ ਲਿਸਟ ਦੇ ਦਿਉ।.....(ਵਿਘਨ)........

ਉਪ ਮੁੱਖ ਮੰਤਰੀ : ਤੁਸੀਂ ਇੱਕ ਇੱਕ ਬੈਨੀਫਿਸ਼ਰੀਜ਼ ਦਾ ਨਾਮ ਪੁੱਛੋਗੇ ...(ਵਿਘਨ)......... ਤੁਸੀਂ ਸਵਾਲ ਲਿਖ ਕੇ ਦਿਉ, we will give you the reply. Government is ready to give the reply. You ask for the question. (ਵਿਘਨ) (ਸ਼ੋਰ)........... ਤੁਸੀਂ ਕੁਐਸਚਨ ਤਾਂ ਭੇਜੋ।.....(ਵਿਘਨ).......

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, It is your office, which is under scrutiny now. You will ensure that before this House adjourn sine die, we get the answer for this. Do you ensure this? (Interruption)

ਮਾਨਯੋਗ ਸਪੀਕਰ : ਤੁਹਾਨੂੰ ਜਵਾਬ ਆ ਜਾਏਗਾ, ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਜਵਾਬ ਆ ਜਾਏਗਾ। (ਵਿਘਨ)......

Shri Sunil Jakhar : You ensure us now.

ਮਾਨਯੋਗ ਸਪੀਕਰ : ਜਵਾਬ ਆ ਜਾਏਗਾ। (ਵਿਘਨ)......

ਸ਼੍ਰੀਮਤੀ ਰਾਜਿੰਦਰ ਕੌਰ ਭੱਠਲ : ਸਪੀਕਰ ਸਾਹਿਬ, ਬੜਾ ਇੰਪਾਰਟੈਂਟ ਕੁਐਸਚਨ ਹੈ। ਇਹ ਸਵਾਲ ਵੀਕਰ ਸੈਕਸ਼ਨ ਦੇ ਨਾਲ ਤਾਅਲੁੱਕ ਰੱਖਦਾ ਹੈ। ਉਸ ਵਿੱਚ ਕਨਫਿਊਜ਼ਨ ਹੋ ਗਿਆ ਹੈ। ਬਾਕੀ ਸਾਰੇ ਸਵਾਲ ਵੀ ਇੰਪਾਰਟੈਂਟ ਹਨ। ਡਿਪਟੀ ਸੀ.ਐਮ. ਸਾਹਿਬ ਨੇ ਬੜਾ ਕਲੀਅਰਲੀ ਕਹਿ ਦਿੱਤਾ ਹੈ ਕਿ ਅਸੀਂ ਇਸ ਸੈਸ਼ਨ ਵਿਚ ਜਵਾਬ ਦੇ ਦਿਆਂਗੇ। ਸਾਡੀ ਪਾਰਟੀ ਵੀ ਇਸ ਤੇ ਐਗਰੀ ਕਰਦੀ ਹੈ। ਇਸ ਦੇ ਵਿਚ ਤੁਸੀਂ ਕਿਉਂ ਪਿੱਛੇ ਹੱਟ ਰਹੇ ਹੋ ਕਿ ਤੁਹਾਨੂੰ ਜਵਾਬ ਆ ਜਾਵੇਗਾ। ਇਸੇ ਹਾਊਸ ਵਿੱਚ ਜਵਾਬ ਲੈ ਕੇ ਆਓ।..... (ਵਿਘਨ).......

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਦੇ ਦਿਉ, ਜਵਾਬ ਮੈਂ ਤੁਹਾਨੂੰ ਦਿਵਾ ਦਿਆਂਗਾ।

ਨਵੇਂ ਬੱਸ ਰੂਟ ਚਾਲੂ ਕਰਨਾ

***366 ਡਾਕਟਰ ਦਲਜੀਤ ਸਿੰਘ ਚੀਮਾ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰੋਪੜ-ਕੀਰਤਪੁਰ ਸਾਹਿਬ, ਨੈਸ਼ਨਲ ਹਾਈਵੇ ਤੋਂ ਸਰਾਂ ਪੱਤਣ ਦੇ ਨਵੇਂ ਪੁਲ ਰਾਹੀਂ ਨੂਰਪੁਰਬੇਦੀ, ਬਲਾਚੌਰ, ਗੜ੍ਹਸ਼ੰਕਰ, ਨੰਗਲ, ਰੋਪੜ ਸੜਕਾਂ ਉਤੇ ਨਵੇਂ ਬੱਸ ਰੂਟ ਚਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸਦੇ ਵੇਰਵੇ ਕੀ ਹਨ?

ਸਰਦਾਰ ਅਜੀਤ ਸਿੰਘ ਕੋਹਾੜ : ਨਹੀਂ ਜੀ। ਸਰਕਾਰ ਵੱਲੋਂ ਰੋਪੜ – ਕੀਰਤਪੁਰ ਸਾਹਿਬ ਨੈਸ਼ਨਲ ਹਾਈਵੇ ਤੋਂ ਸਰਾਂ ਪੱਤਣ ਦੇ ਨਵੇਂ ਪੁਲ ਰਾਹੀਂ ਨੂਰਪੁਰਬੇਦੀ, ਬਲਾਚੌਰ, ਗੜ੍ਹਸ਼ੰਕਰ, ਨੰਗਲ ਰੋਪੜ ਸੜਕਾਂ ਉਤੇ ਨਵੇਂ ਬੱਸ ਰੂਟ ਨਹੀਂ ਚਲਾਏ ਜਾ ਸਕਦੇ ਕਿਉਂਕਿ ਹਾਲ ਦੀ ਘੜੀ ਮਾਨਯੋਗ ਹਾਈ ਕੋਰਟ ਵੱਲੋਂ ਨਵੇਂ ਰੂਟਾਂ ਨੂੰ ਸਟੇਅ ਕੀਤਾ ਗਿਆ ਹੈ। ਜੇਕਰ ਮਾਨਯੋਗ ਹਾਈ ਕੋਰਟ ਵੱਲੋਂ ਸਟੇਅ ਖਤਮ ਹੋ ਜਾਵੇਗੀ ਤਾਂ ਸਰਕਾਰ ਇਸ ਰੂਟ ਤੇ ਬੱਸਾਂ ਚਲਾਉਣ ਤੇ ਵਿਚਾਰ ਕਰ ਸਕਦੀ ਹੈ।

ਡਾਕਟਰ ਦਲਜੀਤ ਸਿੰਘ ਚੀਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਜਦੋਂ ਹਾਈ ਕੋਰਟ ਦੀ ਸਟੇਅ ਵੈਕੇਟ ਹੋ ਜਾਵੇ, ਕੀ ਉਸ ਤੋਂ ਬਾਅਦ ਅਸੀਂ ਆਸ ਕਰ ਸਕਦੇ ਹਾਂ ਕਿ ਇਸ ਰੂਟ ਦੇ ਪਰਮਿਟ ਮੰਤਰੀ ਜੀ ਚਾਲੂ ਕਰ ਦੇਣਗੇ?

ਮੰਤਰੀ : ਹਾਂ ਜੀ, ਕਰ ਦਿਆਂਗੇ।

ਡਾਕਟਰ ਦਲਜੀਤ ਸਿੰਘ ਚੀਮਾ : ਬਹੁਤ ਧੰਨਵਾਦ ਜੀ।

ਕੈਂਸਰ ਫੰਡ ਦੇ ਲਾਭਪਾਤਰਾਂ ਦੀ ਗਿਣਤੀ

***389. ਸ਼੍ਰੀ ਭਾਰਤ ਭੂਸ਼ਣ ਆਸ਼ੂ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਬਣਾਏ ਕੈਂਸਰ ਫੰਡ ਵਿੱਚੋਂ ਅੱਜ ਤੱਕ ਮਹੀਨਾਵਾਰ ਕਿੰਨਾ-ਕਿੰਨਾ ਫੰਡ ਕਿਸ-ਕਿਸ ਕੈਂਸਰ ਪੀੜਤ ਨੂੰ ਦਿੱਤਾ ਗਿਆ ਅਤੇ ਇਸ ਸਬੰਧ ਵਿੱਚ ਪੈਂਡਿੰਗ ਅਰਜ਼ੀਆਂ ਦੇ ਵੇਰਵੇ ਕੀ ਹਨ?

ਸ਼੍ਰੀ ਮਦਨ ਮੋਹਨ ਮਿੱਤਲ : ਸ਼੍ਰੀਮਾਨ ਜੀ, ਕੈਂਸਰ ਦੇ ਮਰੀਜ਼ਾਂ ਨੂੰ ਰਾਹਤ ਦੇਣ ਲਈ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਜੁਲਾਈ, 2011 ਤੋਂ ਸ਼ੁਰੂ ਕੀਤੀ ਗਈ ਹੈ। ਕੈਂਸਰ ਫੰਡ ਵਿੱਚੋਂ ਅੱਜ ਤੱਕ ਮਹੀਨਾਵਾਰ ਜਿਸ-ਜਿਸ ਕੈਂਸਰ ਪੀੜਤ ਨੂੰ ਜਿਹੜੀ ਰਕਮ ਪ੍ਰਵਾਨ ਕੀਤੀ ਗਈ ਉਸ ਦੀ ਸੂਚਨਾ *ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ। ਇਸ ਸਕੀਮ ਅਧੀਨ ਮਿਤੀ 13 ਦਸੰਬਰ, 2012 ਤੱਕ 70 ਕੈਂਸਰ ਦੇ ਮਰੀਜ਼ਾਂ ਦੀਆਂ ਅਰਜ਼ੀਆਂ ਪ੍ਰਵਾਨਗੀ ਲਈ ਪੈਂਡਿੰਗ ਹਨ, ਜਿਹੜੀਆਂ ਕਿ ਜ਼ਿਲ੍ਹਿਆਂ ਤੋਂ ਮਿਤੀ 13 ਦਸੰਬਰ, 2012 ਨੂੰ ਪ੍ਰਾਪਤ ਹੋਈਆਂ ਹਨ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਸਪਲੀਮੈਂਟਰੀ ਸਰ। ਸਤਿਕਾਰਯੋਗ ਸਪੀਕਰ ਸਾਹਿਬ, ਸਰਕਾਰ ਦੀ ਇਹ ਯੋਜਨਾ ਬੜੀ ਸ਼ਲਾਘਾਯੋਗ ਹੈ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਤਾਂ ਸਾਨੂੰ ਇਹ ਜਵਾਬ ਹੁਣੇ ਪੰਜ ਮਿੰਟ ਪਹਿਲਾਂ ਮਿਲਿਆ ਹੈ, ਇਹ ਪੜ੍ਹਿਆ ਹੀ ਨਹੀਂ ਜਾ ਸਕਦਾ ਜੀ। ਇਸ ਸਕੀਮ ਬਾਰੇ ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਕੀਮ ਇੱਕ ਖਾਸ ਜ਼ਿਲ੍ਹੇ ਲਈ ਹੈ ਜਾਂ ਸਾਰੇ ਪੰਜਾਬ ਲਈ ਹੈ।

ਮੰਤਰੀ : ਇਹ ਸਾਰੇ ਪੰਜਾਬ ਲਈ ਹੈ ਅਤੇ ਸਾਰੇ ਪੰਜਾਬ ਵਿੱਚੋਂ ਜਿੱਥੋਂ ਵੀ ਕੈਂਸਰ ਦੇ ਕੇਸ ਆਏ ਹਨ, ਉਨ੍ਹਾਂ ਸਾਰਿਆਂ ਨੂੰ ਪੈਸੇ ਦਿੱਤੇ ਗਏ ਹਨ।

ਸ਼੍ਰੀ ਭਾਰਤ ਭੂਸ਼ਣ ਆਸ਼ੂ : ਸਾਡੇ ਮਾਨਯੋਗ ਲੀਡਰ ਸਾਹਿਬ ਨੇ 10ਵੇਂ ਮਹੀਨੇ ਵਿੱਚ ਇੱਕ ਚਿੱਠੀ ਮਾਨਯੋਗ ਸੀ.ਐਮ. ਸਾਹਿਬ ਨੂੰ ਲਿਖੀ ਸੀ। ਇੱਕ ਲੇਡੀ ਹੈ ਉਸ ਨੂੰ ਪਿਛਲੇ ਡੇਢ ਸਾਲ ਤੋਂ ਇਹ ਗਰਾਂਟ ਨਹੀਂ ਦਿੱਤੀ ਗਈ। ਉਸ ਦਾ ਹਾਲੇ ਤੱਕ ਕੋਈ ਜਵਾਬ ਨਹੀਂ ਦਿੱਤਾ ਗਿਆ ਨਾ ਹੀ ਕੋਈ ਉਸ ਨੂੰ ਕੋਈ ਗਰਾਂਟ ਮਿਲੀ ਹੈ। ਕੀ ਮਾਨਯੋਗ ਮੰਤਰੀ ਸਾਹਿਬ ਵਿਸ਼ਵਾਸ ਦਿਵਾਉਣਗੇ......

ਮਾਨਯੋਗ ਸਪੀਕਰ : ਕੋਈ ਨਾਂ ਹੈ ਤਾਂ ਦੱਸੋ ਜੀ।

ਮੰਤਰੀ : ਆਨਰੇਬਲ ਮੈਂਬਰ ਸਾਹਿਬ ਮੈਨੂੰ ਉਸ ਦੀ ਜਾਣਕਾਰੀ ਦੇ ਦੇਣ, ਮੈਂ ਉਸ ਦੀ ਘੋਖ ਕਰਾ ਦਿਆਂਗਾ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਹੈਲਥ ਮਨਿਸਟਰ ਤੇ ਆਨਰੇਬਲ ਚੀਫ਼ ਮਨਿਸਟਰ ਸਾਹਿਬ ਨੂੰ ਗੁਜ਼ਾਰਿਸ਼ ਕਰਾਂਗਾ ਕਿ ਜਿਹੜੇ ਆਨਰੇਬਲ ਮੈਂਬਰ ਸਾਹਿਬ ਨੇ ਖਦਸ਼ੇ ਜ਼ਾਹਿਰ ਕੀਤੇ ਹਨ, ਡਿਸਟ੍ਰਿਕਟ ਵਾਈਜ਼ ਉਨ੍ਹਾਂ ਨੇ ਬਰੇਕਅੱਪ ਮੰਗਿਆ ਸੀ ਕਿਉਂਕਿ ਲੋਕਾਂ ਦੇ ਮਨ ਵਿੱਚ ਆਇਆ ਕਿ ਇਹ ਜਿਹੜਾ ਪੈਸਾ

*Placed in the Revisor's branch.

ਹੈ ਇਸ ਨੂੰ ਵੰਡਣ ਵੇਲੇ ਵੀ ਵਿਤਕਰਾ ਹੋ ਰਿਹਾ ਹੈ। ਇਹ ਸਿਰਫ ਕੁਝ ਸਿਲੈਕਟਿਡ ਜ਼ਿਲ੍ਹੇ ਹਨ, ਜਿੱਥੇ ਪੈਸਾ ਜਾ ਰਿਹਾ ਹੈ। ਉਸ ਦਾ ਵੇਰਵਾ ਕਿਉਂਕਿ ਹੁਣੇ ਹੀ ਰਿਪੋਰਟ ਮਿਲੀ ਹੈ, ਸ਼ਾਇਦ ਨਾ ਤਾਂ ਉਨ੍ਹਾਂ ਨੇ ਗੌਰ ਕੀਤੀ ਹੈ ਅਤੇ ਨਾ ਅਸੀਂ ਦੇਖ ਸਕੇ ਹਾਂ that is one of our apprehensions. At least this scheme should be implemented without any prejudice or bias. Second, ਜਿਹੜਾ ਇਨ੍ਹਾਂ ਨੇ ਅਪਲਾਈ ਕਰਨ ਵਾਲਾ ਤਰੀਕਾ ਅਪਨਾ ਰੱਖਿਆ ਹੈ, ਪਹਿਲਾਂ ਤਾਂ ਬੰਦਿਆਂ ਨੂੰ ਐਪਲੀਕੇਸ਼ਨ ਸੀ.ਐਮ.ਓ. ਤੱਕ ਜਾ ਕੇ ਮਾਰਕ ਕਰਵਾ ਕੇ ਲਿਆਉਣੀ ਪੈਂਦੀ ਹੈ, ਉਸ ਤੋਂ ਬਾਅਦ ਤੁਸੀਂ ਪੈਸਾ ਬਾਅਦ ਵਿੱਚ ਰਿਲੀਜ਼ ਕਰਦੇ ਹੋ। ਗਰੀਬ ਆਦਮੀ 70-70 ਹਜ਼ਾਰ ਰੁਪਿਆ ਕਿੱਥੋਂ ਜਾ ਕੇ ਹਸਪਤਾਲ ਵਿੱਚ ਜਮ੍ਹਾਂ ਕਰਾਵੇ। ਉਹ ਜਿਹੜੀ ਚਿੱਠੀ ਦੀ ਗੱਲ ਕਰ ਰਹੇ ਹਨ, ਉਸ ਚਿੱਠੀ ਵਿੱਚ ਹੈ ਕਿ ਡੇਢ ਸਾਲ ਹੋ ਗਿਆ ਉਨ੍ਹਾਂ ਨੂੰ ਤੁਸੀਂ ਕਹਿ ਦਿੱਤਾ ਕਿ ਜਾ ਕੇ ਤੁਸੀਂ ਰੀਇੰਬਰਸ ਕਰਵਾ ਲਉ how can it be reimbursed. ਉਹ ਤੁਹਾਡੇ ਮੇਰੇ ਮਗਰ ਕਿਉਂ ਤੁਰਿਆ ਫਿਰੇ। ਮੇਰੀ ਗੁਜ਼ਾਰਿਸ਼ ਹੈ ਕਿ please simplify this. ਗਰੀਬ ਨੂੰ ਪਹਿਲਾਂ ਪੈਸਾ ਮਿਲੇ, ਸਿੱਧੇ ਹਸਪਤਾਲ ਤੋਂ ਰਿਲੀਜ਼ ਕਰ ਦਿਉ, not reimbursement.

ਮਾਨਯੋਗ ਸਪੀਕਰ : ਪਲੀਜ਼ ਬੈਠੋ ਤੁਸੀਂ।

ਮੰਤਰੀ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਜੋ ਅਸੀਂ ਸਕੀਮ ਅਮੈਂਡ ਕੀਤੀ ਹੈ, ਉਸ ਦੀ ਸੂਚਨਾ ਆਨਰੇਬਲ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਵੀ ਦਿੱਤੀ ਗਈ ਸੀ, ਅਖਬਾਰਾਂ ਵਿੱਚ ਵੀ ਦਿੱਤੀ ਹੈ। ਉਹ ਕਿਤੇ ਪੂਰੀ ਪੜ੍ਹੀ ਨਹੀਂ। ਅਸੀਂ ਤਾਂ ਇਸ ਨੂੰ ਆਲਰੇਡੀ ਮੋਡੀਫਾਈ ਕਰ ਚੁੱਕੇ ਹਾਂ। ਜਿਹੜਾ ਕਹਿੰਦੇ ਹਨ ਕਿ ਵਿਤਕਰਾ ਹੁੰਦਾ ਹੈ, ਮੈਂ ਚਾਹੁੰਦਾ ਹਾਂ ਕਿ ਬਾਕੀ ਜ਼ਿਲ੍ਹਿਆਂ ਵਿੱਚ ਇਹ ਬਿਮਾਰੀ ਨਾ ਹੋਵੇ। ਤੁਸੀਂ ਕਹਿੰਦੇ ਹੋ ਸਾਰਿਆਂ ਜ਼ਿਲ੍ਹਿਆਂ ਨੂੰ ਦਿਉ, ਮੈਂ ਤਾਂ ਕਹਿੰਦਾ ਹਾਂ ਕਿ ਜਿੱਥੇ ਹੈ ਅਸੀਂ ਤਾਂ ਉਸ ਨੂੰ ਵੀ ਚੈੱਕ ਕਰਨਾ ਚਾਹੁੰਦੇ ਹਾਂ। ਸੋ, ਇਸ ਕਰਕੇ ਜੋ ਵੀ ਸਾਡੇ ਕੋਲ ਕੇਸ ਆਇਆ ਹੈ, ਅਸੀਂ ਨਾ ਕਦੇ ਉਸ ਦੀ ਜਾਤ ਪੁੱਛੀ ਹੈ, ਨਾ ਉਸ ਦੀ ਰਿਕਮੈਂਡੇਸ਼ਨ ਦੇਖੀ ਹੈ। ਜੋ ਕੇਸ ਡਿਸਟ੍ਰਿਕਟ ਤੋਂ ਰਿਕਮੈਂਡ ਹੋ ਕੇ ਆਇਆ, ਅਸੀਂ ਉਸ ਨੂੰ ਜੋ ਹਸਪਤਾਲ ਨੇ ਉਸ ਦੀ ਵੈਰੀਫਿਕੇਸ਼ਨ ਕਰਕੇ ਦਿੱਤੀ ਹੈ ਉਸ ਦੇ ਮੁਤਾਬਿਕ ਦਿੱਤਾ ਹੈ। ਲੇਕਿਨ ਹੁਣ ਅਸੀਂ ਦੇਖਿਆ ਕਿ ਇਹ ਥੋੜ੍ਹਾ ਪ੍ਰੋਸੀਜ਼ਰ ਲੰਮਾ ਸੀ। ਸਿਵਲ ਸਰਜਨ ਤੇ ਡੀ.ਸੀ. ਰਿਕਮੈਂਡ ਕਰ ਦਿੰਦੇ ਸੀ। ਡਾਇਰੈਕਟੋਰੇਟ ਜਾਂਦਾ ਸੀ, ਫਿਰ ਉਹ ਸੈਕਟਰੀ ਲੈਵਲ ਤੇ ਜਾਂਦਾ ਸੀ, ਫਿਰ ਉਹ ਮਨਿਸਟਰ ਕੋਲ ਆਉਂਦਾ ਸੀ then the Chief Minister's approvel was sought. ਕਈ ਵਾਰ ਕੈਂਸਰ ਦੇ ਵਿੱਚ ਜਿੰਨਾ ਡੀਲੇਅ ਹੋ ਜਾਵੇ ਉਸ ਕਰਕੇ ਬਿਮਾਰੀ ਖਤਰਨਾਕ ਢੰਗ ਨਾਲ ਵਧਣ ਦਾ ਡਰ ਰਹਿੰਦਾ ਹੈ। ਇਸ ਕਰਕੇ ਅਸੀਂ ਹੁਣ ਇਹ ਸਿੰਪਲੀਫਾਈ ਕਰ ਦਿੱਤਾ ਹੈ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]
ਕਿ ਜਦੋਂ ਵੀ ਮਰੀਜ਼ ਨੂੰ ਕੋਈ ਹਸਪਤਾਲ ਜਿਹੜਾ ਐਮਪੈਨਲਡ ਹੈ ਜਾਂ ਜਿਹੜੇ ਸਰਕਾਰੀ ਅਦਾਰੇ ਸਰਕਾਰ ਵੱਲੋਂ ਫਿਕਸ ਕੀਤੇ ਹੋਏ ਹਨ, ਉਨ੍ਹਾਂ ਵਿੱਚੋਂ ਜਦੋਂ ਵੀ ਕੋਈ ਕਿਸੇ ਪੇਸ਼ੈਂਟ ਨੂੰ ਡਿਕਲੇਅਰ ਕਰ ਦੇਵੇ ਕਿ ਇਹ ਕੈਂਸਰ ਦਾ ਪੇਸ਼ੈਂਟ ਹੈ ਅਤੇ ਇਹ liable to be cured ਹੈ ਤਾਂ ਜਦੋਂ ਸਾਡੇ ਕੋਲ ਉਸ ਬਾਰੇ ਇਤਲਾਹ ਆਉਂਦੀ ਹੈ ਤਾਂ ਉਸੇ ਵੇਲੇ ਹੀ ਅਸੀਂ ਡਿਪਟੀ ਕਮਿਸ਼ਨਰ ਅਤੇ ਸਿਵਲ ਸਰਜਨ ਦਾ ਪਰੋਸੀਜ਼ਰ ਕੱਟ ਕੇ ਡਾਇਰੈਕਟੋਰੇਟ ਵਿੱਚ ਸਿੱਧਾ ਆ ਕੇ we move it and assure the authorities ਜਿਨ੍ਹਾਂ ਨੇ ਇਲਾਜ ਕਰਨਾ ਹੈ ਕਿ ਤੁਸੀਂ ਇਲਾਜ ਸ਼ੁਰੂ ਕਰੋ ਤੁਹਾਨੂੰ ਪੈਸੇ ਭੇਜ ਰਹੇ ਹਾਂ। ਜਿਸ ਦਿਨ ਤੋਂ ਇਹ ਡਿਟੈਕਟ ਹੋ ਗਿਆ ਅਤੇ ਕਨਫਰਮ ਕਰ ਦਿੱਤਾ ਕਿ ਇਸ ਦਾ ਇਲਾਜ ਹੋਣਾ ਹੈ ਤਾਂ ਉਸੇ ਦਿਨ ਤੋਂ ਅਸੀਂ ਉਨ੍ਹਾਂ ਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਇਸ ਪੇਸ਼ੈਂਟ ਦਾ ਇਲਾਜ ਸ਼ੁਰੂ ਕਰੋ, ਅਸੀਂ ਤੁਹਾਨੂੰ ਪੈਸੇ ਭੇਜ ਰਹੇ ਹਾਂ। ਦੂਸਰੀ ਗੱਲ ਕਿ ਪਹਿਲਾਂ ਪੈਸਾ ਦਿੱਤਾ ਨਹੀਂ ਜਾ ਸਕਦਾ, ਪੈਸਾ ਕੇਵਲ ਉਦੋਂ ਹੀ ਦਿੱਤਾ ਜਾ ਸਕਦਾ ਹੈ ਜਦੋਂ ਉਸ ਪੇਸ਼ੈਂਟ ਦਾ ਇਲਾਜ ਸ਼ੁਰੂ ਹੋ ਜਾਵੇਗਾ। ਪੈਸਾ ਮਰੀਜ਼ ਨੂੰ ਵੀ ਨਹੀਂ ਦਿੱਤਾ ਜਾ ਸਕਦਾ, ਟਰੀਟਮੈਂਟ ਕਰਨ ਵਾਲੀ ਏਜੰਸੀ ਨੂੰ ਪੈਸਾ ਦਿੱਤਾ ਜਾ ਸਕਦਾ ਹੈ। ਜਿੰਨੇ ਲੋਕਾਂ ਨੂੰ ਹੁਣ ਤੱਕ ਪੈਸਾ ਮਿਲਿਆ ਹੈ ਉਸ ਦੀ ਪੂਰੀ ਡਿਟੇਲ ਅਸੀਂ ਤੁਹਾਨੂੰ ਮੁਹੱਈਆ ਕਰ ਦਿੱਤੀ ਹੈ। ਤੁਸੀਂ ਉਸ ਵਿੱਚ ਇਹ ਵੀ ਦੇਖੋਗੇ ਕਿ ਇਹ ਬਿਲਕੁਲ ਠੀਕ ਹੈ ਕਿ ਇਸ ਬਿਮਾਰੀ ਦਾ ਪ੍ਰਕੋਪ ਜ਼ਿਆਦਾ ਮਾਲਵੇ ਵਿੱਚ ਹੈ ਤਾਂ ਕਿ ਹੋਰ ਲੋਕਾਂ ਨੂੰ ਇਸ ਬਿਮਾਰੀ ਦੇ ਬਾਰੇ ਜਾਣਕਾਰੀ ਮਿਲ ਸਕੇ ਅਤੇ ਲੋਕਾਂ ਵਿੱਚ ਜਾਗਰੂਕਤਾ ਆਵੇ ਅਤੇ ਲੋਕ ਇਸ ਬਿਮਾਰੀ ਤੋਂ ਹਸਪਤਾਲ ਵਿੱਚ ਜਾਣ ਤੋਂ ਨਾ ਘਬਰਾਉਣ। ਇਸ ਵਾਸਤੇ ਅਸੀਂ ਤਾਂ ਡੋਰ ਟੂ ਡੋਰ ਸਾਰੇ ਪੰਜਾਬ ਦਾ ਸਰਵੇ ਸ਼ੁਰੂ ਕੀਤਾ ਹੈ ਸਿਰਫ ਏਸੇ ਕਰਕੇ ਕਿ ਇਹ ਆਈਡੈਂਟੀਫਾਈਡ ਹੋ ਜਾਵੇ ਕਿ ਕਿੱਥੇ ਜ਼ਿਆਦਾ ਬਿਮਾਰੀ ਹੈ ਤਾਂ ਕਿ ਇਹ ਆਈਡੈਂਟੀਫਾਈ ਹੋਣ ਉਪਰੰਤ ਲੋਕਾਂ ਨੂੰ ਇਸ ਬਿਮਾਰੀ ਦੇ ਇਲਾਜ ਤੋਂ ਜਾਣੂੰ ਕਰਵਾਇਆ ਜਾ ਸਕੇ। ਮੈਂ ਫਿਰ ਵੀ ਹਾਊਸ ਨੂੰ ਐਨਸ਼ਿਓਰ ਕਰਦਾ ਹਾਂ ਕਿ ਜੇਕਰ ਤੁਹਾਡੇ ਵੀ ਨੋਟਿਸ ਵਿੱਚ ਕੋਈ ਕੇਸ ਆਵੇ ਤਾਂ ਤੁਸੀਂ ਸਾਡੇ ਕੋਲ ਭੇਜੋ, ਉਸ ਨੂੰ ਚੈੱਕ ਕਰਵਾਓ, ਹਸਪਤਾਲ ਤੋਂ ਚੈੱਕ ਕਰਵਾਓ। We will definitely help the patient. ਜੇਕਰ ਤੁਹਾਨੂੰ ਕੋਈ ਕਿਸੇ ਪਾਸੇ ਕਮੀ ਨਜ਼ਰ ਆਵੇ ਤਾਂ ਉਸ ਬਾਰੇ ਮੇਰੇ ਨੋਟਿਸ ਵਿੱਚ ਲਿਆਓ ਅਸੀਂ ਉਸ ਨੂੰ ਕੁਰੈਕਟ ਕਰਵਾ ਦਿਆਂਗੇ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰਾ ਕੁਐਸਚਨ ਮਾਨਯੋਗ ਮੰਤਰੀ ਸਾਹਿਬ ਨੂੰ ਇਹ ਹੈ I appreciate ਇਨ੍ਹਾਂ ਨੇ ਕਿਹਾ ਹੈ ਕਿ ਮਰੀਜ਼ ਨੂੰ ਅਸੀਂ ਪੈਸਾ ਰਿਲੀਜ਼ ਨਹੀਂ ਕਰ ਸਕਦੇ, ਕੇਵਲ ਟਰੀਟਮੈਂਟ ਕਰਨ ਵਾਲੀ ਏਜੰਸੀ ਨੂੰ ਹੀ ਪੈਸਾ ਦਿੱਤਾ ਜਾ ਸਕਦਾ ਹੈ। ਨਾਲ ਇਹ ਵੀ ਕਿਹਾ ਹੈ ਕਿ ਅਸੀਂ ਹਸਪਤਾਲ ਨੂੰ ਐਨਸ਼ਿਓਰ ਕਰ ਦਿੰਦੇ ਹਾਂ

ਕਿ ਤੁਸੀਂ ਇਲਾਜ ਸ਼ੁਰੂ ਕਰੋ ਅਤੇ ਸਰਕਾਰ ਤੁਹਾਨੂੰ ਪੈਸੇ ਭੇਜ ਰਹੀ ਹੈ, ਸਪੀਕਰ ਸਾਹਿਬ, the creditability of the Government is such ਕਿ ਪੈਟਰੋਲ ਪੰਪ ਵਾਲੇ ਸਰਕਾਰੀ ਗੱਡੀਆਂ ਵਿੱਚ ਪਾਉਣ ਲਈ ਪੈਟਰੋਲ ਤਾਂ ਦਿੰਦੇ ਨਹੀਂ ਹਨ ਕੀ ਸਰਕਾਰ ਦੀ ਐਸ਼ੋਰੈਂਸ ਤੇ ਕੋਈ ਇਲਾਜ ਕਰ ਦੇਵੇਗਾ?

ਮਾਨਯੋਗ ਸਪੀਕਰ : ਨਹੀਂ, ਨਹੀਂ ਜੀ। ਅਗਲਾ ਪ੍ਰਸ਼ਨ ਨੰ: 359

(ਇਸ ਵੇਲੇ ਵੀ ਸ਼੍ਰੀ ਸੁਨੀਲ ਜਾਖੜ ਬਿਨਾਂ ਆਗਿਆ ਤੋਂ ਬੋਲੀ ਜਾ ਰਹੇ ਸਨ।)

ਮਾਨਯੋਗ ਸਪੀਕਰ : ਜਾਖੜ ਸਾਹਿਬ, ਹੁਣ ਨਹੀਂ। ਬੈਠੋ ਪਲੀਜ਼।

ਨਿਸ਼ਾਨ ਵਾਲਾ ਪ੍ਰਸ਼ਨ ਨੰ: **359

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੇ ਬਾਰੇ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਵਿਦਿਆਰਥੀਆਂ ਨੂੰ ਇਕ ਦੂਜੇ ਸਕੂਲਾਂ ਵਿੱਚ ਸ਼ਿਫ਼ਟ ਕਰਨਾ

*374 1. **ਸਰਦਾਰ ਰਣਜੀਤ ਸਿੰਘ ਢਿੱਲੋਂ :**

2. **ਸ਼੍ਰੀ ਰਾਕੇਸ਼ ਪਾਂਡੇ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਇਹ ਸੱਚ ਹੈ ਕਿ ਬਸਤੀ ਜੋਧੇਵਾਲ ਚੌਕ ਵਿੱਚ ਨੈਸ਼ਨਲ ਹਾਈਵੇ-1 ਨੇੜੇ ਸਥਿਤ ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਦੀ ਬਿਲਡਿੰਗ ਦੇ ਕੁਝ ਹਿੱਸੇ ਨੂੰ ਢਾਹ ਦਿੱਤਾ ਗਿਆ ਹੈ ਅਤੇ ਵਿਦਿਆਰਥੀਆਂ ਨੂੰ ਸ.ਸ.ਸ.ਸ. ਸੇਖੇਵਾਲ (ਲੁਧਿਆਣਾ) ਵਿਖੇ ਈਵਨਿੰਗ ਸ਼ਿਫਟ ਵਿੱਚ ਭੇਜ ਦਿੱਤਾ ਗਿਆ ਹੈ;

(ਅ) ਕੀ ਸਰਕਾਰ ਉਪਰੋਕਤ ਸਕੂਲ ਲਈ ਕੋਈ ਬਦਲਵੀਂ ਇਮਾਰਤ ਮੁਹੱਈਆ ਕਰਵਾਉਣ ਜਾਂ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਸੁਵਿਧਾ ਹਿੱਤ ਸਰਕਾਰੀ ਐਲੀਮੈਂਟਰੀ ਸਕੂਲ, ਸੁਭਾਸ਼ ਨਗਰ (ਲੁਧਿਆਣਾ) ਵਿੱਚ ਸ਼ਿਫਟ ਕਰਨ ਦੀ ਅਤੇ ਐਲੀਮੈਂਟਰੀ ਸਕੂਲ, ਸੁਭਾਸ਼ ਨਗਰ ਦੇ

**For Starred Question No. 359 and reply thereto please see Appendix to this Debates.

[ਸ੍ਰੀ ਰਾਕੇਸ਼ ਪਾਂਡੇ]

ਵਿਦਿਆਰਥੀਆਂ ਨੂੰ ਬਸਤੀ ਜੋਧੇਵਾਲ ਸਕੂਲ ਵਿਚ ਸ਼ਿਫਟ ਕਰਨ ਲਈ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ?

ਸਰਦਾਰ ਸਿਕੰਦਰ ਸਿੰਘ ਮਲੂਕਾ : (ੳ) ਹਾਂ ਜੀ, ਬਸਤੀ ਜੋਧੇਵਾਲ ਚੌਕ ਵਿੱਚ ਨੈਸ਼ਨਲ ਹਾਈਵੇ ਨੇੜੇ ਸਥਿਤ ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਦੀ ਬਿਲਡਿੰਗ ਨੂੰ ਮਿਊਂਸਿਪਲ ਕਾਰਪੋਰੇਸ਼ਨ, ਲੁਧਿਆਣਾ ਵੱਲੋਂ ਨੋਟਿਸ ਪ੍ਰਾਪਤ ਹੋਣ ਉਪਰੰਤ ਕੁਝ ਹਿੱਸੇ ਨੂੰ ਢਾਹ ਦਿੱਤਾ ਗਿਆ ਹੈ ਅਤੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਨੂੰ ਨਜ਼ਦੀਕ ਸਰਕਾਰੀ ਮਿਡਲ ਸਕੂਲ ਸੁਭਾਸ਼ ਨਗਰ, ਲੁਧਿਆਣਾ ਅਤੇ 6ਵੀਂ ਤੋਂ 12ਵੀਂ ਕਲਾਸ ਦੀ ਸ਼ਿਫ਼ਟ ਸ.ਸ.ਸ.ਸ. ਸੇਖੇਵਾਲ, ਲੁਧਿਆਣਾ ਵਿਖੇ ਲਗਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ।

(ਅ) ਇਸ ਸਕੂਲ ਦੇ ਵਿਦਿਆਰਥੀਆਂ ਦੀ ਸੁਵਿਧਾ ਹਿੱਤ ਪਹਿਲਾਂ ਹੀ ਨਜ਼ਦੀਕ ਸਰਕਾਰੀ ਐਲੀਮੈਂਟਰੀ ਸਕੂਲ, ਸੁਭਾਸ਼ ਨਗਰ, ਲੁਧਿਆਣਾ ਵਿਖੇ ਸ਼ਿਫਟ ਕੀਤਾ ਗਿਆ ਹੈ ਪਰ ਸਰਕਾਰੀ ਐਲੀਮੈਂਟਰੀ ਸਕੂਲ, ਸੁਭਾਸ਼ ਨਗਰ ਦੇ ਵਿਦਿਆਰਥੀਆਂ ਨੂੰ ਬਸਤੀ ਜੋਧੇਵਾਲ ਸਕੂਲ ਵਿਚ ਸ਼ਿਫਟ ਕਰਨ ਬਾਰੇ ਹਾਲੇ ਕੋਈ ਤਜਵੀਜ਼ ਨਹੀਂ ਹੈ ਕਿਉਂ ਜੋ ਇਹ ਬਿਲਡਿੰਗ ਬਿਲਕੁਲ ਨੈਸ਼ਨਲ ਹਾਈਵੇ ਤੇ ਹੋਣ ਕਾਰਨ ਆਵਾਜਾਈ ਦੇ ਸਾਧਨਾਂ ਦੀ ਅਵਾਜ਼ ਕਾਰਨ ਸਕੂਲ ਦਾ ਮਾਹੌਲ ਕਾਫੀ ਪ੍ਰਭਾਵਿਤ ਅਤੇ ਅਣਸੁਰੱਖਿਅਤ ਹੋਵੇਗਾ।

ਸਰਦਾਰ ਰਣਜੀਤ ਸਿੰਘ ਢਿੱਲੋਂ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਕੂਲ 1980 ਤੋਂ ਚਲਦਾ ਆ ਰਿਹਾ ਹੈ ਉਸ ਵੇਲੇ ਤੋਂ ਉਥੇ ਕੋਈ ਪ੍ਰਾਬਲਮ ਨਹੀਂ ਸੀ, ਕੇਵਲ ਦੋ ਕਮਰੇ ਢਾਹੇ ਗਏ ਹਨ। ਬਾਕੀ ਕਮਰੇ ਠੀਕ ਹਨ, ਸੁਰੱਖਿਅਤ ਹਨ। ਉਥੇ ਸਕੂਲ ਚੱਲ ਸਕਦਾ ਹੈ। ਮਿਡਲ ਸਕੂਲ ਉਥੇ ਚਲਾ ਦਿੱਤਾ ਜਾਵੇ ਅਤੇ ਜਿਹੜਾ ਪਲੱਸ ਟੂ ਤੱਕ ਦਾ ਸਕੂਲ ਹੈ ਉਹ ਸੁਭਾਸ਼ ਨਗਰ ਵਿਖੇ ਸ਼ਿਫਟ ਕਰ ਦਿੱਤਾ ਜਾਵੇ, ਉਹ ਨੇੜੇ ਹੈ। ਇਹ ਜਿਹੜਾ ਸੇਖੇਵਾਲ ਵਾਲਾ ਸਕੂਲ ਹੈ, ਇਹ ਬਹੁਤ ਦੂਰ ਪੈਂਦਾ ਹੈ ਅਤੇ ਡਬਲ ਸ਼ਿਫਟ ਸਕੂਲ ਹੋਣ ਕਰਕੇ ਬੱਚਿਆਂ ਦੀ ਪੜ੍ਹਾਈ ਵੀ ਪ੍ਰਭਾਵਿਤ ਹੋ ਰਹੀ ਹੈ। ਜਿੱਥੇ ਬੱਚਿਆਂ ਨੇ 6 ਘੰਟੇ 20 ਮਿੰਟ ਪੜ੍ਹਨਾ ਹੈ ਉੱਥੇ ਬੱਚਿਆਂ ਦੀ ਸਿਰਫ ਪੰਜ ਘੰਟੇ ਪੜ੍ਹਾਈ ਹੋ ਰਹੀ ਹੈ ਜੀ।

(ਇਸ ਸਪਲੀਮੈਂਟਰੀ ਦਾ ਕੋਈ ਉਤਰ ਨਹੀਂ ਆਇਆ।)

ਮਾਨਯੋਗ ਸਪੀਕਰ : ਅਗਲਾ ਪ੍ਰਸ਼ਨ, ਸਰਦਾਰ ਸਾਧੂ ਸਿੰਘ।

ਪੰਜਾਬ ਭਵਨ, ਨਵੀਂ ਦਿੱਲੀ ਦੇ ਕਰਮਚਾਰੀਆਂ ਦੇ ਤਨਖ਼ਾਹ ਸਕੇਲ

*363 **ਸਰਦਾਰ ਸਾਧੂ ਸਿੰਘ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 10-12-2011 ਨੂੰ ਹੋਈ ਮੀਟਿੰਗ ਵਿਚ ਪੰਜਾਬ ਭਵਨ, ਨਵੀਂ ਦਿੱਲੀ ਵਿਖੇ ਕੰਮ ਕਰ ਰਹੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਪੰਜਾਬ ਸਿਵਲ ਸਕੱਤਰੇਤ ਦੀਆਂ ਅਸਾਮੀਆਂ ਦੇ ਤਨਖ਼ਾਹ ਸਕੇਲ ਅਤੇ ਭੱਤੇ ਦੇਣ ਦੀ ਸਿਫ਼ਾਰਸ਼ ਕੀਤੀ ਸੀ; ਜੇਕਰ ਅਜਿਹਾ ਹੋਵੇ ਤਾਂ ਇਹ ਸਿਫ਼ਾਰਸ਼ ਕਦੋਂ ਤੱਕ ਲਾਗੂ ਕਰ ਦਿੱਤੀ ਜਾਵੇਗੀ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸ਼੍ਰੀਮਾਨ ਜੀ, ਹਾਂ ਜੀ, ਮਾਮਲਾ ਵਿਚਾਰ ਅਧੀਨ ਹੈ।

ਸਰਦਾਰ ਸਾਧੂ ਸਿੰਘ : ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਮੇਰੇ ਪ੍ਰਸ਼ਨ ਦੇ ਜਵਾਬ ਵਿੱਚ ਕਿਹਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ। ਚਲੋ ਵਿਚਾਰ ਅਧੀਨ ਤਾਂ ਇਨ੍ਹਾਂ ਨੇ ਕਿਹਾ, ਪਰ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਨੂੰ ਸਵਾਲ ਕੀਤਾ ਹੈ ਕਿ ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 10-12-2011 ਨੂੰ ਹੋਈ ਮੀਟਿੰਗ ਵਿੱਚ ਪੰਜਾਬ ਭਵਨ, ਨਵੀਂ ਦਿੱਲੀ ਵਿਖੇ ਕੰਮ ਕਰ ਰਹੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਪੰਜਾਬ ਸਿਵਲ ਸਕੱਤਰੇਤ ਦੀਆਂ ਅਸਾਮੀਆਂ ਦੇ ਤਨਖ਼ਾਹ ਸਕੇਲ ਅਤੇ ਭੱਤੇ ਦੇਣ ਦੀ ਸਿਫਾਰਸ਼ ਕੀਤੀ ਸੀ, ਜੇਕਰ ਅਜਿਹਾ ਹੋਵੇ ਤਾਂ ਇਹ ਸਿਫ਼ਾਰਸ਼ ਕਦੋਂ ਤੱਕ ਲਾਗੂ ਕਰ ਦਿੱਤੀ ਜਾਵੇਗੀ, ਪਰ ਅਫ਼ਸੋਸ ਹੈ ਕਿ ਇਨ੍ਹਾਂ ਨੇ ਕੇਵਲ ਇਨਾ ਹੀ ਕਿਹਾ ਹੈ ਕਿ ਮਾਮਲਾ ਵਿਚਾਰ ਅਧੀਨ ਹੈ। ਜਦੋਂ ਕੈਬਨਿਟ ਦਾ ਫੈਸਲਾ ਹੋ ਗਿਆ ਹੈ ਅਤੇ ਸਿਫ਼ਾਰਸ਼ਾਂ ਕਰ ਦਿੱਤੀਆਂ ਹਨ ਤਾਂ ਫਿਰ ਕਿਹੜੀ ਔਖੀ ਗੱਲ ਹੈ। ਇਸ ਨੂੰ ਵਿਚਾਰ-ਅਧੀਨ ਤੋਂ ਬਾਅਦ ਲਾਗੂ ਕਦੋਂ ਕਰ ਦਿੱਤਾ ਜਾਵੇਗਾ ?

ਮਾਨਯੋਗ ਸਪੀਕਰ : ਕੀ ਆਪਾਂ ਕੋਈ ਡੇਟ ਫਿਕਸ ਕਰ ਸਕਦੇ ਹਾਂ?

ਮੰਤਰੀ : ਕੈਬਨਿਟ ਸਬ-ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰ ਦਿੱਤੀਆਂ ਗਈਆਂ ਹਨ। ਅਸਲ ਵਿੱਚ ਗੱਲ ਇਹ ਸੀ ਕਿ ਸਬ-ਕਮੇਟੀ ਨੇ ਸਿਫਾਰਸ਼ ਕੀਤੀ ਸੀ ਕਿ ਪੰਜਾਬ ਭਵਨ ਅਤੇ ਵਿੱਤੀ ਕਮਿਸ਼ਨਰਜ਼ ਸਕੱਤਰੇਤ ਦੇ ਦਫ਼ਤਰ ਵਿੱਚ ਕਰਮਚਾਰੀਆਂ ਦੇ ਤਨਖ਼ਾਹ ਸਕੇਲ ਅਤੇ ਭੱਤਿਆਂ ਵਿੱਚ ਲੋੜ ਅਨੁਸਾਰ ਪੰਜਾਬ ਸਿਵਲ ਸਕੱਤਰੇਤ ਦੇ ਤਨਖ਼ਾਹ ਸਕੇਲ ਅਤੇ ਭੱਤਿਆਂ ਦੀ ਸੰਪੂਰਨਤਾ ਲਿਆਉਣ ਲਈ ਸਿਧਾਂਤਕ ਤੌਰ ਤੇ

[ਵਿੱਤ ਮੰਤਰੀ]

ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਕੰਸੀਕੁਐਂਸ਼ਲ ਪ੍ਰਵਾਨਗੀ ਆਮ ਰਾਜ ਪ੍ਰਬੰਧ ਵਿਭਾਗ ਵੱਲੋਂ ਕੀਤੀ ਜਾਣੀ ਹੈ। ਕੁਝ ਕਾਮਨ ਕੈਟੇਗਰੀਜ਼ ਜਿਹੜੀਆਂ ਪੰਜਾਬ ਭਵਨ ਅਤੇ ਪੰਜਾਬ ਸਿਵਲ ਸਕੱਤਰੇਤ ਵਿਚ ਸਨ, ਉਨ੍ਹਾਂ ਤੇ ਤਾਂ ਅਸੀਂ ਲਾਗੂ ਕਰ ਦਿੱਤੀਆਂ ਹਨ। ਕੁਝ ਕੈਟੇਗਰੀਜ਼ ਜਿਹੜੀਆਂ ਪੰਜਾਬ ਭਵਨ ਵਿੱਚ ਹਨ ਪ੍ਰੰਤੂ ਸਿਵਲ ਸਕੱਤਰੇਤ ਵਿੱਚ ਨਹੀਂ ਹਨ ਜਿਵੇਂ ਕਿ ਲਾਇਜ਼ਨ ਅਫ਼ਸਰ, ਸੁਪਰਵਾਈਜ਼ਰ, ਸੁਪਰਵਾਈਜ਼ਰ ਰੈਜ਼ੀਡੈਂਟ, ਸੁਪਰਡੰਟ ਹੌਸਪੀਟੈਲਟੀ, ਰੈਜ਼ੀਡੈਂਟ ਪਰੋਟੋਕੋਲ ਅਫ਼ਸਰ ਆਦਿ ਅਜਿਹੀਆਂ 25 ਅਸਾਮੀਆਂ ਹਨ, ਇਨ੍ਹਾਂ ਅਸਾਮੀਆਂ ਵਾਸਤੇ ਕਾਮਨ ਕਾਡਰ ਦੇ ਤਨਖ਼ਾਹ ਸਕੇਲ ਲਾਗੂ ਨਹੀਂ ਕੀਤੇ ਜਾ ਸਕੇ, ਪ੍ਰੰਤੂ ਪ੍ਰਬੰਧਕੀ ਵਿਭਾਗ ਨੇ ਸਾਨੂੰ ਇਕ ਪਰਪੋਜ਼ਲ ਭੇਜੀ ਹੈ ਕਿ ਪੰਜਾਬ ਸਿਵਲ ਸਕੱਤਰੇਤ ਵਿਚ ਕਿਸੇ ਹੋਰ ਅਸਾਮੀ ਨਾਲ ਸਮਰੂਪ ਕਰਕੇ ਇਨ੍ਹਾਂ ਕੈਟੇਗਰੀਜ਼ ਦੇ ਤਨਖ਼ਾਹ ਸਕੇਲ ਵਧਾਏ ਜਾਣ। ਅਸੀਂ ਵਿੱਤ ਵਿਭਾਗ ਦੀਆਂ ਹਦਾਇਤਾਂ ਅਤੇ ਵਿਭਾਗੀ ਰੂਲਾਂ ਦੇ ਮੁਤਾਬਿਕ ਇਸ ਉਤੇ ਗੌਰ ਕਰ ਰਹੇ ਹਾਂ ਅਤੇ ਇਹ ਮਾਮਲਾ ਵਿਚਾਰ-ਅਧੀਨ ਹੈ। ਉਮੀਦ ਹੈ ਕਿ 31 ਤਾਰੀਕ ਤੱਕ ਇਸ ਬਾਰੇ ਜਲਦੀ ਹੀ ਫੈਸਲਾ ਲੈ ਲਿਆ ਜਾਵੇਗਾ।

ਸਰਦਾਰ ਸਾਧੂ ਸਿੰਘ : ਮੈਂ ਤਾਂ ਮੰਤਰੀ ਸਾਹਿਬ ਨੂੰ ਕੇਵਲ ਇੰਨਾ ਹੀ ਪੁੱਛਿਆ ਹੈ ਕਿ ਵਿਚਾਰ-ਅਧੀਨ ਤਾਂ ਹੈ ਪ੍ਰੰਤੂ ਇਸ ਨੂੰ ਲਾਗੂ ਕਦੋਂ ਕੀਤਾ ਜਾਵੇਗਾ?

Mr. Speaker : We cannot fix the date.

ਮੰਤਰੀ : ਅਸੀਂ ਕੈਬਨਿਟ ਸਬ-ਕਮੇਟੀ ਦਾ ਫੈਸਲਾ ਲਾਗੂ ਕਰ ਦਿੱਤਾ ਹੈ।

ਸਰਦਾਰ ਸਾਧੂ ਸਿੰਘ : ਜੇਕਰ ਫੈਸਲਾ ਲਾਗੂ ਕਰ ਦਿੱਤਾ ਹੈ ਤਾਂ ਫਿਰ ਵਿਚਾਰ-ਅਧੀਨ ਕਾਹਦੇ ਵਾਸਤੇ ਹੈ?

ਮੰਤਰੀ : ਉਹ**

ਮਾਨਯੋਗ ਸਪੀਕਰ : ਮੰਤਰੀ ਜੀ ਦੇ ਇਹ ਰਿਮਾਰਕਸ ਕੱਢ ਦਿੱਤੇ ਜਾਣ। ਇਹ ਲੈਂਗੂਏਜ਼ ਯੂਜ਼ ਨਹੀਂ ਕਰਨੀ।

ਜਲੰਧਰ-ਨੂਰਮਹਿਲ ਸੜਕ ਚਾਲੂ ਕਰਨਾ

***378 ਸਰਦਾਰ ਪਰਗਟ ਸਿੰਘ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ

**Expunged as ordered by the chair.

ਕਿਰਪਾ ਕਰਕੇ ਦੱਸਣਗੇ ਕਿ ਕੀ ਜਲੰਧਰ ਕੈਂਟ ਤੋਂ ਨੂਰਮਹਿਲ ਸੜਕ ਦੀ ਜਗ੍ਹਾ ਜੋ ਪੈਰੀਫੇਰੀ ਸੜਕ ਬਣਾਈ ਗਈ ਸੀ, ਉਸਨੂੰ ਆਮ ਲੋਕਾਂ ਦੀ ਸੁਵਿਧਾ ਲਈ ਚਾਲੂ ਕਰਵਾਉਣ ਲਈ ਫੌਜ ਦੇ ਉੱਚ ਅਧਿਕਾਰੀਆਂ ਨਾਲ ਮਾਮਲਾ ਉਠਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਵੇਰਵਾ ਦਿੱਤਾ ਜਾਵੇ?

ਸਰਦਾਰ ਸ਼ਰਨਜੀਤ ਸਿੰਘ ਢਿਲੋਂ : ਸ਼੍ਰੀਮਾਨ ਜੀ, ਪੈਰੀਫੇਰੀ ਸੜਕ ਦੀ ਉਸਾਰੀ ਸਬੰਧੀ ਮਾਮਲਾ ਫੌਜ ਨਾਲ ਉਠਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ ਕਿਉਂਕਿ ਇਹ ਸੜਕ ਡਿਫੈਂਸ ਦੀ ਜਗ੍ਹਾ ਵਿੱਚ ਪੈਂਦੀ ਹੈ।

ਸਰਦਾਰ ਪਰਗਟ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਇਹ ਇਕ ਬੜਾ ਸੀਰੀਅਸ ਮੈਟਰ ਹੈ......

ਮਾਨਯੋਗ ਸਪੀਕਰ : ਮੇਰੇ ਨਹੀਂ, ਮੰਤਰੀ ਜੀ ਦੇ ਧਿਆਨ ਵਿੱਚ ਲਿਆਉ।

ਸਰਦਾਰ ਪਰਗਟ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪਾਰਟੀਸ਼ਨ ਤੋਂ ਪਹਿਲਾਂ ਵੀ ਅਤੇ ਪਾਰਟੀਸ਼ਨ ਤੋਂ ਬਾਅਦ ਵਿੱਚ ਛਾਉਣੀ ਦੇ 15-20 ਪਿੰਡਾਂ ਨੂੰ ਇਹ ਸੜਕ ਸ਼ਹਿਰ ਨਾਲ ਜੋੜਦੀ ਸੀ ਜਿਸ ਨੂੰ ਕਿ ਨੂਰਮਹਿਲ ਰੋਡ ਕਿਹਾ ਜਾਂਦਾ ਸੀ। ਫੌਜ ਨੇ ਸਕਿਓਰਟੀ ਰੀਜਨਜ਼ ਕਰਕੇ ਇਸ ਨੂੰ ਪੈਰੀਫੇਰੀ ਰੋਡ ਕਰਾਰ ਦੇ ਦਿੱਤਾ। ਸਾਲ 2009 ਵਿੱਚ ਇਹ ਪੈਰੀਫੇਰੀ ਰੋਡ ਵੀ ਬੰਦ ਕਰ ਦਿੱਤੀ। ਇਸ ਨਾਲ ਇਨ੍ਹਾਂ 15-20 ਪਿੰਡਾਂ ਦੇ ਲੋਕਾਂ ਨੂੰ ਲਗਭਗ 10 ਤੋਂ 15 ਕਿਲੋਮੀਟਰ ਤੱਕ ਦਾ ਵੱਧ ਫਾਸਲਾ ਤਹਿ ਕਰਕੇ ਸ਼ਹਿਰ ਪਹੁੰਚਣਾ ਪੈਂਦਾ ਹੈ। ਮੈਂ, ਸੀ. ਐਮ. ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਇੰਟਰਵੀਨ ਕਰਕੇ ਫੌਜ ਦੀ ਕੋਆਰਡੀਨੇਸ਼ਨ ਕਮੇਟੀ ਨਾਲ ਸਟੇਟ ਲੈਵਲ ਤੇ ਮਾਮਲਾ ਟੇਕ-ਅੱਪ ਕਰਨ ਕਿਉਂਕਿ ਜੋ ਉਨ੍ਹਾਂ ਨੇ 20-25 ਏਕੜ ਜ਼ਮੀਨ ਰੈਵੇਨਿਊ ਵਿਭਾਗ ਤੋਂ ਲਈ ਹੋਈ ਹੈ। ਇਸ ਤਰ੍ਹਾਂ ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਬੜੀ ਹੀ ਅਸੁਵਿਧਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮੰਤਰੀ : ਸਪੀਕਰ ਸਾਹਿਬ, ਪੁਰਾਣੀ ਜਲੰਧਰ-ਨੂਰਮਹਿਲ ਸੜਕ ਅਤੇ ਇਸ ਦੀਆਂ ਬ੍ਰਾਂਚਾਂ ਨੂੰ ਫੌਜ ਦੇ ਅਧਿਕਾਰੀਆਂ ਵੱਲੋਂ ਪੈਰੀਫੇਰੀ ਸੜਕ ਹੋਣ ਕਾਰਨ ਆਮ ਪਬਲਿਕ ਵਾਸਤੇ ਬੰਦ ਕਰ ਦਿੱਤਾ ਗਿਆ ਸੀ, ਪ੍ਰੰਤੂ ਪੈਰੀਫੇਰੀ ਸੜਕ ਦਾ ਇਕ ਹੋਰ ਬਦਲ ਹੈ ਜਿਸ ਦੀ ਲੰਬਾਈ 3.40 ਕਿਲੋਮੀਟਰ ਹੈ ਅਤੇ ਇਹ ਗੜ੍ਹਾ ਤੇ ਸੁਭਾਨਾ ਤੇ ਹੱਲਾ ਤੋਂ ਹੁੰਦੀ ਹੋਈ ਜਲੰਧਰ-ਨੂਰਮਹਿਲ ਸੜਕ ਦੇ ਐਮ.ਡੀ.ਆਰ.82 ਨਾਲ ਜਾ ਮਿਲਦੀ ਹੈ। ਜੋ ਮੈਂਬਰ ਸਾਹਿਬ ਨੇ ਮੰਗ ਕੀਤੀ ਹੈ...... ਅਸੀਂ ਗੜ੍ਹਾ, ਸੁਭਾਨਾ ਤੋਂ ਧੀਨਾ ਤੱਕ ਕੋਸ਼ਿਸ਼ ਕੀਤੀ ਸੀ ਕਿ ਇਸ ਸੜਕ ਦੀ ਲੰਬਾਈ 0.91 ਕਿਲੋਮੀਟਰ ਹੈ ਅਤੇ ਚੌੜਾਈ ਦਸ ਫੁੱਟ

[ਲੋਕ ਨਿਰਮਾਣ (ਭ ਤੇ ਮ) ਮੰਤਰੀ]

ਹੈ। ਇਸ ਦਾ ਕੋਡ ਨੰ. 6053 ਹੈ ਅਤੇ ਮਾਰਕੀਟ ਕਮੇਟੀ, ਜਲੰਧਰ ਕੈਂਟ ਵਿੱਚ ਇਹ ਸੜਕ ਪੈਂਦੀ ਹੈ। ਇਸ ਦੀ ਰਿਪੇਅਰ ਦਾ ਕੰਮ ਲਿੰਕ ਸੜਕਾਂ ਨਾਲ ਸਾਲ 2001-02 ਵਿੱਚ ਜੋੜਿਆ ਗਿਆ ਸੀ ਅਤੇ ਰਿਪੇਅਰ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਪਰੰਤੂ ਜਨਵਰੀ, 2009 ਵਿੱਚ ਫੌਜ ਦੇ ਅਧਿਕਾਰੀਆਂ ਵੱਲੋਂ ਇਸ ਦੀ ਰਿਪੇਅਰ ਦਾ ਕੰਮ ਰੁਕਵਾ ਦਿੱਤਾ ਗਿਆ ਤੇ ਬਾਰ-ਬਾਰ ਫੌਜ ਦੇ ਅਧਿਕਾਰੀਆਂ ਨਾਲ ਮਾਮਲਾ ਉਠਾਉਣ ਦੇ ਬਾਵਜੂਦ ਵੀ ਉਨ੍ਹਾਂ ਵੱਲੋਂ ਇਸ ਸੜਕ ਦੇ ਕੰਮ ਨੂੰ ਇਸ ਬਿਨਾ ਤੇ ਕਰਨ ਨਹੀਂ ਦਿੱਤਾ ਕਿ ਇਹ ਸੜਕ ਡਿਫੈਂਸ ਦੀ ਜਗ੍ਹਾ ਵਿੱਚ ਪੈਂਦੀ ਹੈ।

ਮਾਨਯੋਗ ਸਪੀਕਰ : ਉਨ੍ਹਾਂ ਦਾ ਕੁਐਸਚਨ ਤਾਂ ਹੋਰ ਸੀ। ਸਿੰਪਲ ਕੁਐਸਚਨ ਸੀ ਕਿ ਕੀ ਅਸੀਂ ਉਨ੍ਹਾਂ ਨਾਲ ਕੋਈ ਗੱਲ ਕਰਨ ਨੂੰ ਤਿਆਰ ਹਾਂ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਮਸਲਾ ਕਾਫੀ ਅਹਿਮ ਹੈ ਤੇ ਮੇਰੇ ਨੋਟਿਸ ਵਿੱਚ ਪਹਿਲਾਂ ਵੀ ਲਿਆਂਦਾ ਗਿਆ ਹੈ। ਇੱਕ ਤਾਂ ਸ਼ਾਰਟ ਟਰਮ ਮਿਲਟਰੀ ਡਵੀਜ਼ਨ ਦਾ ਸਾਲ ਵਿੱਚ ਇੱਕ ਫੰਕਸ਼ਨ ਹੁੰਦਾ ਹੈ, ਉਸ ਵਿੱਚ ਮੈਂ ਇਸ ਸੜਕ ਦਾ ਜ਼ਿਕਰ ਕਰਾਂਗਾ। ਮੈਂ ਆਨਰੇਬਲ ਮੈਂਬਰ ਸਾਹਿਬ ਨੂੰ ਵੀ ਕਹਾਂਗਾ ਕਿ ਮੈਨੂੰ ਇਸ ਦੇ ਕੰਪਲੀਟ ਫੈਕਟਸ ਦੇ ਦੇਣ ਤਾਂ ਕਿ ਮੈਂ ਦਿੱਲੀ ਵਿੱਚ ਜਾ ਕੇ ਡਿਫੈਂਸ ਮਨਿਸਟਰ ਨਾਲ ਇਸ ਦਾ ਜ਼ਿਕਰ ਕਰਾਂਗਾ ਅਤੇ ਇਸ ਵਿੱਚ ਜੋ ਵੀ ਕੁਝ ਹੋ ਸਕਦਾ ਹੈ, ਜ਼ਰੂਰ ਕਰਾਂਗਾ।

ਨਿਸ਼ਾਨ ਵਾਲਾ ਪ੍ਰਸ਼ਨ ਨੰ. **383

ਮਾਨਯੋਗ ਸਪੀਕਰ : ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਗਰਾਂਟ ਕਰ ਦਿੱਤੀ ਹੈ।

ਅਣਅਧਿਕਾਰਤ ਕਲੋਨੀਆਂ ਨੂੰ ਅਧਿਕਾਰਤ ਕਰਨਾ

*402 ਸਰਦਾਰ ਗੁਰਕੀਰਤ ਸਿੰਘ : ਕੀ ਉਪ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਅਣਅਧਿਕਾਰਤ ਕਲੋਨੀਆਂ ਨੂੰ ਰੈਗੂਲਰ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਰੱਖਦੀ ਹੈ ਤਾਂ ਇਹ ਕਦੋਂ ਤੱਕ ਅਧਿਕਾਰਤ ਕਰ ਦਿੱਤੀਆਂ ਜਾਣਗੀਆਂ?

ਸਰਦਾਰ ਸੁਖਬੀਰ ਸਿੰਘ ਬਾਦਲ : ਜੀ ਹਾਂ, ਸਰਕਾਰ ਪੰਜਾਬ ਰਾਜ ਵਿੱਚ ਬਣ

**For S.Q. No. 383 and reply thereto, please see Appendix to this Debates.

ਚੁੱਕੀਆਂ ਅਣ-ਅਧਿਕਾਰਤ ਕਲੋਨੀਆਂ ਨੂੰ ਰੈਗੂਲਰ ਕਰਨ ਦਾ ਵਿਚਾਰ ਰੱਖਦੀ ਹੈ। ਇਸ ਸਬੰਧ ਵਿੱਚ ਪੰਜਾਬ ਸਰਕਾਰ ਵੱਲੋਂ ਇਕ ਨਵੀਂ ਪਾਲਿਸੀ ਵਿਚਾਰ ਅਧੀਨ ਹੈ, ਜੋ ਕਿ ਜਲਦੀ ਹੀ ਤਿਆਰ ਕਰ ਲਈ ਜਾਵੇਗੀ। ਉਪਰੰਤ ਇਨ੍ਹਾਂ ਅਣ-ਅਧਿਕਾਰਤ ਕਲੋਨੀਆਂ ਨੂੰ ਰੈਗੂਲਰ ਕਰਨ ਸਬੰਧੀ ਪਾਲਿਸੀ ਦੇ ਉਪਬੰਧਾਂ ਅਨੁਸਾਰ ਕਾਰਵਾਈ ਆਰੰਭੀ ਜਾਵੇਗੀ।

ਸਰਦਾਰ ਗੁਰਕੀਰਤ ਸਿੰਘ : ਸਪੀਕਰ ਸਾਹਿਬ, ਮੈਂ ਉਪ ਮੁੱਖ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਲੋਨੀਆਂ ਕਦੋਂ ਤੱਕ ਰੈਗੂਲੇਰਾਈਜ਼ ਕਰ ਦਿੱਤੀਆਂ ਜਾਣਗੀਆਂ? ਕੀ ਇਸ ਸਬੰਧੀ ਉਪ ਮੁੱਖ ਮੰਤਰੀ ਜੀ ਟਾਈਮ ਫਰੇਮ ਕਰਨਗੇ? ਇਸ ਸਰਕਾਰ ਬਣੀ ਨੂੰ ਵੀ ਲਗਭਗ ਇੱਕ ਸਾਲ ਹੋ ਚੁੱਕਾ ਹੈ ਅਤੇ ਪੂਰੇ ਪੰਜਾਬ ਅੰਦਰ ਰੀਅਲ ਐਸਟੇਟ ਦਾ ਬਿਜ਼ਨਸ ਠੱਪ ਹੋ ਕੇ ਰਹਿ ਗਿਆ ਹੈ ਅਤੇ ਲੋਕਾਂ ਵਿਚ ਹਾਹਾਕਾਰ ਮਚੀ ਹੋਈ ਹੈ। ਮੇਰਾ ਸਵਾਲ ਹੈ, ਟਾਈਮ ਫਰੇਮ ਕਰਨ ਕਿ ਸਰਕਾਰ ਦੀ ਇਹ ਪਾਲਿਸੀ ਕਦੋਂ ਤੱਕ ਹੋਂਦ ਵਿੱਚ ਆਵੇਗੀ ਔਰ ਇਸ ਦੇ ਨਾਲ-ਨਾਲ ਆਮ ਆਦਮੀ ਦਾ ਜੋ ਘਰ ਦਾ ਸੁਪਨਾ ਹੈ, ਉਹ ਕਦੋਂ ਤੱਕ ਪੂਰਾ ਹੋਵੇਗਾ?

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਬਹੁਤ ਜਲਦੀ ਕਰ ਰਹੇ ਹਾਂ। ਇਸ ਵਿੱਚ ਬਹੁਤ ਲੀਗਲ ਮੈਟਰਜ਼ ਇਨਵਾਲਵ ਹਨ ਤੇ ਲੀਗਲ ਵਿਊ ਵੀ ਲਏ ਜਾ ਰਹੇ ਹਨ। ਜਿੰਨੀ ਜਲਦੀ ਹੋ ਸਕੇ, ਅਸੀਂ ਕਰਾਂਗੇ ਪਰ ਇਹ ਕਹਿਣਾ ਕਿ ਅਸੀਂ ਹਫਤੇ ਵਿੱਚ ਕਰ ਦੇਵਾਂਗੇ, ਇਹ ਠੀਕ ਨਹੀਂ ਕਿਉਂਕਿ ਲੀਗਲ ਕੰਪਲੀਕੇਸ਼ਨਜ਼ ਨੂੰ ਸਾਰਟ ਆਊਟ ਕਰਨ ਵਾਸਤੇ ਡਿਊਟੀ ਲਗਾਈ ਹੈ। ਜਿੰਨੀ ਜਲਦੀ ਹੋ ਗਿਆ, ਅਸੀਂ ਕਰਾਂਗੇ ਕਿਉਂਕਿ ਅਸੀਂ ਆਪ ਕਾਹਲੇ ਹਾਂ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਤੁਸੀਂ ਕੁਐਸਚਨ ਨੰਬਰ 359 ਓਵਰ ਲੁੱਕ ਕਰ ਗਏ ਹੋ।

ਮਾਨਯੋਗ ਸਪੀਕਰ : ਇਸ ਦੀ ਮੈਂ ਐਕਸਟੈਨਸ਼ਨ ਗਰਾਂਟ ਕਰ ਦਿੱਤੀ ਹੈ।

ਸ਼੍ਰੀ ਸੁਨੀਲ ਜਾਖੜ : ਜਿਹੜਾ ਪੈਸੇ ਰਿਲੀਜ਼ ਕਰਨ ਵਾਲਾ ਕੁਐਸਚਨ ਹੁੰਦਾ ਹੈ, ਉਸ ਨੂੰ ਤੁਸੀਂ ਅੱਗੇ ਪਾ ਦਿੰਦੇ ਹੋ।

ਮਾਨਯੋਗ ਸਪੀਕਰ : ਐਸੀ ਗੱਲ ਨਹੀਂ ਹੈ।

ਬਾਘਾ ਪੁਰਾਣਾ ਵਿਖੇ ਫਾਇਰ ਸਟੇਸ਼ਨ ਸਥਾਪਤ ਕਰਨਾ

***368. ਸਰਦਾਰ ਮਹੇਸ਼ ਇੰਦਰ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ

[ਸਰਦਾਰ ਮਹੇਸ਼ ਇੰਦਰ ਸਿੰਘ]
ਕਰਕੇ ਦੱਸਣਗੇ ਕਿ ਕੀ ਬਾਘਾ ਪੁਰਾਣਾ ਵਿਖੇ ਫਾਇਰ ਸਟੇਸ਼ਨ ਸਥਾਪਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸ਼੍ਰੀ ਚੂਨੀ ਲਾਲ ਭਗਤ : ਨਹੀਂ ਜੀ ।

ਸਰਦਾਰ ਮਹੇਸ਼ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਬਾਘੇਪੁਰਾਣੇ ਫਾਇਰ ਸਟੇਸ਼ਨ ਬਣਾਉਣ ਦੀ ਬੇਨਤੀ ਕੀਤੀ ਸੀ। ਉਥੋਂ ਦੀ ਤਕਰੀਬਨ 26,000 ਦੀ ਅਬਾਦੀ ਹੈ। ਉਥੇ 54 ਰਾਈਸ ਸ਼ੈਲਰ ਹਨ। ਪੰਜ ਸੀਮਿੰਟ ਦੀਆਂ ਫੈਕਟਰੀਆਂ ਹਨ। ਕਣਕ ਝੋਨੇ ਦੇ ਬਹੁਤ ਵੱਡੇ ਸਟੋਰ ਹਨ ਔਰ ਜਿਹੜੇ ਸਾਡੇ ਨੇੜੇ ਤੋਂ ਨੇੜੇ ਫਾਇਰ ਸਟੇਸ਼ਨ ਪੈਂਦੇ ਹਨ-32 ਕਿਲੋਮੀਟਰ ਤੇ ਕੋਟਕਪੂਰਾ ਹੈ ਔਰ 20 ਕਿਲੋਮੀਟਰ ਤੇ ਮੋਗਾ ਹੈ। ਪਿਛਲੇ ਚਾਰ ਸਾਲਾਂ ਵਿੱਚ ਇੰਨੀਆਂ ਘਟਨਾਵਾਂ ਹੋ ਚੁੱਕੀਆਂ ਹਨ। ਜੇਕਰ ਉਸ ਨੂੰ ਫਾਈਨਾਂਸ਼ਲੀ ਦੇਖੀਏ ਤਾਂ 4-5 ਕਰੋੜ ਰੁਪਏ ਦਾ ਉਥੇ ਨੁਕਸਾਨ ਹੋ ਚੁੱਕਿਆ ਹੈ। ਪਰਸੋਂ ਇੱਕ ਦੁਕਾਨ ਸੜ ਕੇ ਸਵਾਹ ਹੋ ਗਈ ਹੈ। ਪਿਛਲੇ ਸਾਲ ਬਾਸਮਤੀ ਝੋਨਾ ਕਰੋੜਾਂ ਰੁਪਏ ਦਾ ਸੜ ਕੇ ਸਵਾਹ ਹੋ ਗਿਆ ਹੈ। ਇਸ ਕਰਕੇ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਥੇ ਫਾਇਰ ਸਟੇਸ਼ਨ ਹੋਂਦ ਵਿੱਚ ਆਉਣਾ ਅਤਿ ਜ਼ਰੂਰੀ ਹੈ।

ਮੰਤਰੀ : ਸਪੀਕਰ ਸਾਹਿਬ, ਫਾਇਰ ਸਟੇਸ਼ਨ ਬਣਾਉਣ ਵਾਸਤੇ ਇੱਕ ਸ਼ਹਿਰ ਦੀ ਅਬਾਦੀ 50,000 ਹੋਣੀ ਚਾਹੀਦੀ ਹੈ ਅਤੇ ਸ਼ਹਿਰ ਦਾ ਏਰੀਆ ਘੱਟੋ-ਘੱਟ 10 ਵਰਗ ਕਿਲੋਮੀਟਰ ਹੋਣਾ ਚਾਹੀਦਾ ਹੈ। ਜਦ ਕਿ ਬਾਘਾਪੁਰਾਣਾ ਦੀ ਅਬਾਦੀ 25,229 ਹੈ ਅਤੇ ਬਾਘਾਪੁਰਾਣਾ ਦਾ ਏਰੀਆ ਇਸ ਸਮੇਂ ਲਗਭਗ 11.6 ਵਰਗ ਕਿਲੋਮੀਟਰ ਹੈ। ਇਸ ਕਰਕੇ ਉਥੇ ਫਾਇਰ ਸਟੇਸ਼ਨ ਬਣਾਉਣਾ ਮੁਸ਼ਕਿਲ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੇਰੇ ਅਬੋਹਰ ਦੇ ਵਿੱਚ ਦੋ ਫਾਇਰ ਸਟੇਸ਼ਨ ਹਨ ਅਤੇ ਦੋਵੇਂ ਗੱਡੀਆਂ ਕੰਡਮ ਡਿਕਲੇਅਰ ਕਰ ਦਿੱਤੀਆਂ ਹਨ। ਹੁਣ ਜਾਂ ਤਾਂ ਮਲੋਟ ਤੋਂ ਮੰਗਵਾਉਣੀ ਪਵੇਗੀ ਜਾਂ ਫਾਜ਼ਿਲਕਾ ਤੋਂ ਆਏਗੀ। ਸਾਨੂੰ ਦੋ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਤਾਂ ਦੇ ਦਿਉ। ਸਾਡੀ ਤਾਂ ਅਬਾਦੀ ਵੀ 50,000 ਤੋਂ ਵੱਧ ਹੈ।

ਮਾਨਯੋਗ ਸਪੀਕਰ : ਜਾਖੜ ਸਾਹਿਬ, ਇਹ ਕੁਐਸਚਨ ਬਾਘਾਪੁਰਾਣਾ ਨਾਲ ਰਿਲੇਟ ਕਰਦਾ ਹੈ। ਅਬੋਹਰ ਨਾਲ ਰਿਲੇਟ ਨਹੀਂ ਕਰਦਾ। ਨੋ, ਉਸ ਦਾ ਤੁਸੀਂ ਵੱਖਰਾ ਸਵਾਲ ਦੇ ਦਿਉ, ਇਹ ਬਾਘਾਪੁਰਾਣਾ ਨਾਲ ਰਿਲੇਟ ਕਰਦਾ ਹੈ।

ਸਰਦਾਰ ਮਹੇਸ਼ ਇੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ

ਜੀ ਨੂੰ ਬੇਨਤੀ ਕਰਾਂਗਾ ਕਿ ਉਸ ਕਸਬੇ ਦੇ ਨੇੜੇ ਤੇੜੇ, ਸਾਰੀ ਬਾਘਾਪੁਰਾਣਾ ਕਾਂਸਟੀਚਿਊਂਸੀ ਦੀ ਅਬਾਦੀ ਜੇ ਗਿਣੀਏ ਤਾਂ ਤਕਰੀਬਨ ਪੰਜ ਲੱਖ ਬਣ ਜਾਂਦੀ ਹੈ ਪਰ ਉਥੇ ਫਾਇਰ ਸਟੇਸ਼ਨ ਹੈ ਨਹੀਂ। ਇਹ ਜ਼ਰੂਰੀ ਨਹੀਂ ਕਿ ਸ਼ਹਿਰਾਂ ਦੇ ਲੋਕਾਂ ਨੂੰ ਹੀ ਇਸ ਦੀ ਜ਼ਰੂਰਤ ਹੈ, ਸਾਨੂੰ ਪਿੰਡਾਂ ਵਾਲਿਆਂ ਨੂੰ ਵੀ ਇਸ ਦੀ ਜ਼ਰੂਰਤ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਅਮੈਂਡ ਕਰਕੇ ਉਥੇ ਵੀ ਫਾਇਰ ਸਟੇਸ਼ਨ ਸ਼ੁਰੂ ਕੀਤੇ ਜਾਣ।

ਮੰਤਰੀ : ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਫਿਰ ਵੀ ਵਿਚਾਰ ਕਰ ਲਿਆ ਜਾਵੇਗਾ।

ਸਰਦਾਰ ਮਹੇਸ਼ ਇੰਦਰ ਸਿੰਘ : ਧੰਨਵਾਦ ਜੀ।

ਰਾਜ ਵਿੱਚ ਦਲਿਤ ਧਰਮਸ਼ਾਲਾਵਾਂ ਦੀ ਗਿਣਤੀ

***364. ਜਸਟਿਸ ਨਿਰਮਲ ਸਿੰਘ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਇਸ ਵੇਲੇ ਦਲਿਤਾਂ ਲਈ ਬਣਾਈਆਂ ਹੋਈਆਂ ਧਰਮਸ਼ਾਲਾਵਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਧਰਮਸ਼ਾਲਾਵਾਂ ਵਿੱਚੋਂ ਕਿੰਨੀਆਂ ਧਰਮਸ਼ਾਲਾਵਾਂ ਵਿੱਚ ਆਂਗਣਵਾੜੀ ਸੈਂਟਰ ਚੱਲ ਰਹੇ ਹਨ?

ਸਰਦਾਰ ਸਰਵਨ ਸਿੰਘ ਫਿਲੌਰ : ਅਨੁਸੂਚਿਤ ਜਾਤੀਆਂ ਲਈ ਕੁੱਲ 15550 ਨਵੀਆਂ ਧਰਮਸ਼ਾਲਾਵਾਂ ਦੀ ਉਸਾਰੀ ਕੀਤੀ ਗਈ ਹੈ ਅਤੇ 3770 ਧਰਮਸ਼ਾਲਾਵਾਂ ਵਿੱਚ ਆਂਗਣਵਾੜੀ ਸੈਂਟਰ ਚੱਲ ਰਹੇ ਹਨ। ਜ਼ਿਲ੍ਹਾਵਾਰ ਵੇਰਵਾ ਅਨੁਲੱਗ 'ੳ' ਤੇ ਹੈ।

ਅਨੁਲੱਗ 'ੳ'

ਲੜੀ ਨੰ:	ਜ਼ਿਲ੍ਹੇ ਦਾ ਨਾਂ	ਅਨੁਸੂਚਿਤ ਜਾਤੀਆਂ ਲਈ ਉਸਾਰੀਆਂ ਧਰਮ-ਸ਼ਾਲਾਵਾਂ ਦੀ ਗਿਣਤੀ	ਇਨ੍ਹਾਂ ਧਰਮਸ਼ਾਲਾਵਾਂ ਵਿੱਚ ਚੱਲ ਰਹੇ ਆਂਗਣਵਾੜੀ ਸੈਂਟਰਾਂ ਦੀ ਗਿਣਤੀ
1.	ਅੰਮ੍ਰਿਤਸਰ	1673	24
2.	ਬਠਿੰਡਾ	333	145
3.	ਬਰਨਾਲਾ	80	78
4.	ਫਿਰੋਜ਼ਪੁਰ	1201	143
5.	ਫਰੀਦਕੋਟ	354	255

[ਭਲਾਈ ਮੰਤਰੀ]

1	2	3	4
6.	ਫਤਿਹਗੜ੍ਹ ਸਾਹਿਬ	437	167
7.	ਗੁਰਦਾਸਪੁਰ	1596	214
8.	ਹੁਸ਼ਿਆਰਪੁਰ	972	33
9.	ਜਲੰਧਰ	1245	54
10.	ਕਪੂਰਥਲਾ	566	88
11.	ਲੁਧਿਆਣਾ	1031	545
12.	ਮੋਗਾ	348	221
13.	ਮੁਕਤਸਰ	750	218
14.	ਮਾਨਸਾ	498	257
15.	ਐਸ.ਬੀ.ਐਸ. ਨਗਰ	599	62
16.	ਪਟਿਆਲਾ	997	272
17.	ਰੋਪੜ	884	320
18.	ਸੰਗਰੂਰ	974	354
19.	ਐਸ.ਏ.ਐਸ.ਨਗਰ	425	303
20.	ਤਰਨ ਤਾਰਨ	587	17
	ਕੁਲ ਜੋੜ	15550	3770

ਜਸਟਿਸ ਨਿਰਮਲ ਸਿੰਘ : ਸਪੀਕਰ ਸਾਹਿਬ, 1969 ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਦਲਿਤ ਭਾਈਚਾਰੇ ਨੂੰ ਧਰਮਸ਼ਾਲਾਵਾਂ ਦਿੱਤੀਆਂ। ਅੱਜ ਦੇ ਜਵਾਬ ਮੁਤਾਬਿਕ 3770 ਧਰਮਸ਼ਾਲਾਵਾਂ ਵਿੱਚ ਆਂਗਣਵਾੜੀ ਸੈਂਟਰ ਚੱਲ ਰਹੇ ਹਨ। ਇਹ ਠੀਕ ਹੈ ਕਿ ਆਂਗਣਵਾੜੀ ਸੈਂਟਰ ਵੀ ਜ਼ਰੂਰੀ ਹਨ ਪਰ ਜਿਸ ਮਕਸਦ ਲਈ ਇਹ ਧਰਮਸ਼ਾਲਾਵਾਂ ਬਣਾਈਆਂ, ਉਹ ਮਕਸਦ ਪੂਰਾ ਨਹੀਂ ਹੋ ਰਿਹਾ। ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਆਂਗਣਵਾੜੀ ਸੈਂਟਰ ਇਨ੍ਹਾਂ ਧਰਮਸ਼ਾਲਾਵਾਂ ਵਿੱਚੋਂ ਵੈਕੇਟ ਕਰੇ ਜਾਣਗੇ ਅਤੇ ਉਨ੍ਹਾਂ ਨੂੰ ਨਵੀਂ ਥਾਂ ਦਿੱਤੀ ਜਾਵੇਗੀ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨਾਲ ਬਿਲਕੁਲ ਸਹਿਮਤ ਹਾਂ ਕਿ ਇਹ ਮਾਨਯੋਗ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਦਲਿਤਾਂ ਦੀ

ਮੁਸ਼ਕਿਲ ਨੂੰ ਮੁੱਖ ਰੱਖ ਕੇ ਇਹ ਧਰਮਸ਼ਾਲਾਵਾਂ ਬਣਾਈਆਂ ਸਨ ਪਰ ਜਿਹੜੇ ਉਥੇ ਆਂਗਣਵਾੜੀ ਬੱਚੇ ਹਨ, ਉਹ ਵੀ ਗਰੀਬ ਲੋਕਾਂ ਦੇ ਹਨ, ਪਰ ਫਿਰ ਵੀ ਕੱਲ੍ਹ ਹੀ ਮੈਂ ਕਹਿ ਦਿੱਤਾ ਹੈ ਕਿ ਆਂਗਣਵਾੜੀ ਸੈਂਟਰਾਂ ਲਈ ਬਦਲਵੇਂ ਪ੍ਰਬੰਧ ਕੀਤੇ ਜਾਣ। ਉਨ੍ਹਾਂ ਨੂੰ ਚਿੱਠੀ ਲਿਖ ਦਿੱਤੀ ਹੈ ਕਿ ਬਦਲਵੇਂ ਪ੍ਰਬੰਧ ਕੀਤੇ ਜਾਣ।

ਮਾਨਯੋਗ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਭਲੂਰ-ਚੰਡੀਗੜ੍ਹ ਬੱਸ ਰੂਟ ਚਾਲੂ ਕਰਨਾ

*367. ਸਰਦਾਰ ਮਹੇਸ਼ ਇੰਦਰ ਸਿੰਘ : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰੋਡਵੇਜ਼ ਮੋਗਾ ਡਿਪੂ ਦਾ ਪਿੰਡ ਭਲੂਰ, ਤਹਿਸੀਲ ਬਾਘਾ ਪੁਰਾਣਾ ਤੋਂ ਚੰਡੀਗੜ੍ਹ ਲਈ ਬੱਸ ਰੂਟ ਬੰਦ ਕਰਨ ਦੇ ਕੀ ਕਾਰਨ ਹਨ ਅਤੇ ਇਹ ਕਦੋਂ ਤੱਕ ਦੁਬਾਰਾ ਚਾਲੂ ਕਰ ਦਿੱਤਾ ਜਾਵੇਗਾ?

ਸਰਦਾਰ ਅਜੀਤ ਸਿੰਘ ਕੋਹਾੜ : ਪੰਜਾਬ ਰੋਡਵੇਜ, ਮੋਗਾ ਵੱਲੋਂ ਬਾਘਾਪੁਰਾਣਾ ਤੋਂ ਚੰਡੀਗੜ੍ਹ ਲਈ ਬੱਸ ਰੂਟ ਤੇ ਮੋਗਾ ਤੋਂ ਭਲੂਰ ਤੱਕ ਪਰਮਿਟ ਦਾ ਹਿੱਸਾ ਘਾਟੇਵੰਦ ਹੋਣ ਕਰਕੇ ਛੱਡ ਦਿੱਤਾ ਗਿਆ ਹੈ, ਇਸ ਰੂਟ ਨੂੰ ਚਾਲੂ ਕਰਨ ਦੀ ਹਾਲੇ ਕੋਈ ਤਜਵੀਜ਼ ਨਹੀਂ ਹੈ।

ਸਿਵਲ ਹਸਪਤਾਲ, ਬਾਬਾ ਬਕਾਲਾ ਵਿਖੇ ਪੋਸਟਮਾਰਟਮ ਦੀ ਸੁਵਿਧਾ

*373. ਸਰਦਾਰ ਮਨਜੀਤ ਸਿੰਘ ਮੀਆਂਵਿੰਡ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਲ ਹਸਪਤਾਲ, ਬਾਬਾ ਬਕਾਲਾ ਵਿਖੇ ਪੋਸਟ ਮਾਰਟਮ ਕਰਨ ਦੀ ਸੁਵਿਧਾ ਮੁਹੱਈਆ ਕਰਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਸੁਵਿਧਾ ਕਿੰਨੇ ਚਿਰ ਵਿੱਚ ਮੁਹੱਈਆ ਕਰਵਾ ਦਿੱਤੀ ਜਾਵੇਗੀ?

ਸ਼੍ਰੀ ਮਦਨ ਮੋਹਨ ਮਿੱਤਲ : ਸ਼੍ਰੀਮਾਨ ਜੀ, ਜੀ ਹਾਂ। ਸਿਵਲ ਹਸਪਤਾਲ, ਬਾਬਾ ਬਕਾਲਾ ਵਿਖੇ ਪੋਸਟ ਮਾਰਟਮ ਕਰਨ ਦੀ ਸੁਵਿਧਾ ਮੁਹੱਈਆ ਕਰਵਾਉਣ ਦੀ ਤਜਵੀਜ਼ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ, ਪਰ ਇਸ ਸਮੇਂ ਇਸ ਦੀ ਕੋਈ ਨਿਸ਼ਚਿਤ ਮਿਤੀ ਨਹੀਂ ਦਿੱਤੀ ਜਾ ਸਕਦੀ।

ਜੰਗਲੀ ਜਾਨਵਰਾਂ ਦੁਆਰਾ ਫ਼ਸਲਾਂ ਦਾ ਨੁਕਸਾਨ

*382. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ : ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਬੀਤ ਇਲਾਕੇ ਵਿੱਚ ਜੰਗਲੀ ਜੀਵਾਂ ਦੁਆਰਾ ਕਿਸਾਨਾਂ ਦੀਆਂ ਫ਼ਸਲਾਂ ਨੂੰ ਪਹੁੰਚਾਏ ਜਾ ਰਹੇ ਭਾਰੀ ਨੁਕਸਾਨ ਦੀ ਭਰਪਾਈ ਲਈ ਇਸ ਇਲਾਕੇ ਦੇ ਗਰੀਬ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

ਸ਼੍ਰੀ ਸੁਰਜੀਤ ਕੁਮਾਰ ਜਿਆਨੀ : ਹਾਂ ਜੀ, ਸ਼੍ਰੀਮਾਨ ਜੀ। ਪੰਜਾਬ ਸਰਕਾਰ ਵੱਲੋਂ ਜਿਨ੍ਹਾਂ ਕਿਸਾਨਾਂ ਦੀਆਂ ਫ਼ਸਲਾਂ ਦਾ ਨੁਕਸਾਨ ਜੰਗਲੀ ਜਾਨਵਰਾਂ ਵੱਲੋਂ ਕੀਤਾ ਜਾਂਦਾ ਹੈ, ਨੂੰ ਮੁਆਵਜ਼ਾ ਦੇਣ ਲਈ ਅਧਿਸੂਚਨਾ ਮਿਤੀ 16.2.2010 ਨਾਲ ਵਿਵਸਥਾ ਕੀਤੀ ਗਈ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦਾ ਬੀਤ ਇਲਾਕਾ ਇਸ ਅਧਿਸੂਚਨਾ ਵਿੱਚ ਸ਼ਾਮਲ ਹੈ। ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦੀ ਦਰ 4000/- ਰੁਪਏ ਪ੍ਰਤੀ ਏਕੜ ਤੱਕ ਦੀ ਹੈ।

ਹਾਈ ਸਕੂਲ ਇੰਦਰਾਪੁਰੀ ਅਤੇ ਮਿਡਲ ਸਕੂਲ ਕੈਲਾਸ਼ ਨਗਰ (ਲੁਧਿਆਣਾ) ਵਿੱਚ ਵਿਦਿਆਰਥੀਆਂ ਦੀ ਗਿਣਤੀ

*375. ਸਰਦਾਰ ਰਣਜੀਤ ਸਿੰਘ ਢਿੱਲੋਂ: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਲੁਧਿਆਣਾ ਸ਼ਹਿਰ ਵਿੱਚ ਸਥਿਤ ਹਾਈ ਸਕੂਲ ਇੰਦਰਾਪੁਰੀ ਅਤੇ ਅਬਾਦੀ ਕੈਲਾਸ਼ ਨਗਰ ਦੇ ਸਰਕਾਰੀ ਮਿਡਲ ਸਕੂਲ ਵਿੱਚ ਕਲਾਸ-ਵਾਰ ਕੁੱਲ ਕਿੰਨੇ-ਕਿੰਨੇ ਬੱਚੇ ਪੜ੍ਹਦੇ ਹਨ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੂਲਾਂ ਦੀਆਂ ਬਿਲਡਿੰਗਾਂ ਕਿੰਨੇ ਏਰੀਏ ਵਿੱਚ ਬਣੀਆਂ ਹੋਈਆਂ ਹਨ ਅਤੇ ਇਨ੍ਹਾਂ ਵਿੱਚ ਕੁੱਲ

ਕਿੰਨੇ-ਕਿੰਨੇ ਕਮਰੇ ਹਨ;

(ੲ) ਕੀ ਉਪਰੋਕਤ ਭਾਗ (ਅ) ਵਿੱਚ ਵਰਨਿਤ ਸਕੂਲਾਂ ਦੀਆਂ ਬਿਲਡਿੰਗਾਂ ਸਰਕਾਰੀ ਹਾਈ ਅਤੇ ਮਿਡਲ ਸਕੂਲ ਸਥਾਪਿਤ ਕਰਨ ਲਈ ਸਰਕਾਰ ਵੱਲੋਂ ਨਿਰਧਾਰਿਤ ਕੀਤੇ ਗਏ ਕਰਾਈਟੇਰੀਏ ਦੇ ਅਨੁਸਾਰ ਹਨ; ਜੇਕਰ ਹਨ ਤਾਂ ਇਸ ਸਬੰਧੀ ਸਰਕਾਰੀ ਹਦਾਇਤਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

ਸਰਦਾਰ ਸਿਕੰਦਰ ਸਿੰਘ ਮਲੂਕਾ : ਲੋੜੀਂਦੀ ਸੂਚਨਾ ਅਨੁਲੱਗ -'1' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਨੁਲੱਗ 'I'

(ੳ) ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ ਹਾਈ ਸਕੂਲ ਇੰਦਰਾਪੁਰੀ ਅਤੇ ਅਬਾਦੀ ਕੈਲਾਸ਼ ਨਗਰ ਦੇ ਸਰਕਾਰੀ ਮਿਡਲ ਸਕੂਲ ਵਿੱਚ ਕਲਾਸ ਵਾਰ ਬੱਚਿਆਂ ਦੀ ਗਿਣਤੀ ਦਾ ਵੇਰਵਾ :

ਲੜੀ ਨੰ:	ਜਮਾਤ	ਸਰਕਾਰੀ ਹਾਈ ਸਕੂਲ ਇੰਦਰਾਪੁਰੀ ਵਿਖੇ ਵਿਦਿਆਰਥੀਆਂ ਦੀ ਗਿਣਤੀ	ਸਰਕਾਰੀ ਮਿਡਲ ਸਕੂਲ ਕੈਲਾਸ਼ ਨਗਰ ਵਿਖੇ ਵਿਦਿਆਰਥੀਆਂ ਦੀ ਗਿਣਤੀ
1.	6ਵੀਂ	106	82
2.	7ਵੀਂ	73	64
3.	8ਵੀਂ	95	69
4.	9ਵੀਂ	79	--
5.	10ਵੀਂ	49	--
	ਕੁੱਲ	402	215

(ਅ) ਉਪਰੋਕਤ ਭਾਗ (ੳ) ਵਿੱਚ ਵਰਨਿਤ ਸਕੂਲਾਂ ਦੀਆਂ ਬਿਲਡਿੰਗਾਂ ਦਾ ਕੁੱਲ ਏਰੀਆ ਅਤੇ ਕੁੱਲ ਕਮਰਿਆਂ ਦਾ ਵੇਰਵਾ :

[ਸਿੱਖਿਆ ਮੰਤਰੀ]

ਲੜੀ ਨੰ:	ਸਕੂਲ ਦਾ ਏਰੀਆ ਅਤੇ ਕੁੱਲ ਕਮਰੇ	ਸਰਕਾਰੀ ਹਾਈ ਸਕੂਲ ਇੰਦਰਾਪੁਰੀ	ਸਰਕਾਰੀ ਮਿਡਲ ਸਕੂਲ ਕੈਲਾਸ਼ ਨਗਰ
1.	ਏਰੀਆ	395 ਵਰਗ ਮੀ.	362 ਗਜ਼
2.	ਕਮਰੇ	6	3

(ੲ) ਨਹੀਂ, ਸਰਕਾਰੀ ਹਾਈ ਅਤੇ ਮਿਡਲ ਸਕੂਲ ਸਥਾਪਿਤ ਕਰਨ ਲਈ ਸਰਕਾਰ ਵੱਲੋਂ ਨਿਰਧਾਰਿਤ ਕੀਤੇ ਗਏ ਕਰਾਈਟੇਰੀਏ ਅਨੁਸਾਰ ਸਕੂਲ ਦੀਆਂ ਬਿਲਡਿੰਗਾਂ ਦਾ ਕਰਾਈਟੇਰੀਆ ਅਨੁਲੱਗ-।। ਅਤੇ ਅਨੁਲੱਗ-।।। ਤੇ ਰੱਖਿਆ ਗਿਆ ਹੈ।

ਅਨੁਲੱਗ 'II'

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-ਸੈੱਲ)

ਸੇਵਾ ਵਿਖੇ,

ਡਾਇਰੈਕਟਰ ਸਿੱਖਿਆ ਵਿਭਾਗ (ਸ), ਪੰਜਾਬ,
ਚੰਡੀਗੜ੍ਹ।

ਮੀਮੋ ਨੰ: 12/74/96-3 ਸਿ. ਸੈੱਲ, 6312
ਮਿਤੀ : 29-3-2007

ਵਿਸ਼ਾ : ਸਰਕਾਰੀ ਸਕੂਲਾਂ ਦਾ ਪੱਧਰ ਉੱਚਾ ਕਰਨ ਲਈ ਕਰਾਈਟੇਰੀਆ।

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

1. ਰਾਜ ਵਿੱਚ ਵੱਖ-ਵੱਖ ਤਰ੍ਹਾਂ ਦੇ ਸਕੂਲਾਂ ਨੂੰ ਅਪਗ੍ਰੇਡ ਕਰਨ ਦੇ ਸਬੰਧ ਵਿੱਚ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਸਕੂਲਾਂ ਨੂੰ ਅਪਗ੍ਰੇਡ ਕਰਨ ਦੇ ਸਬੰਧ ਵਿੱਚ ਸਮੇਂ-ਸਮੇਂ ਸਿਰ ਪੱਤਰ ਨੰ. 22/24/79-3ਸਿ5/3053 ਮਿਤੀ 17.9.80 ਮੀਮੋ ਨੰ: 33/46/87/-1ਸਿ4/17807-09 ਮਿਤੀ 19.11.87 ਅਤੇ ਨੰ: 12/74/96-3 ਸਿ.ਸੈੱਲ/28498 ਮਿਤੀ 30.12.96 ਰਾਹੀਂ ਕਰਾਈਟੇਰੀਆ ਨਿਰਧਾਰਤ ਹੈ ਜਿਨ੍ਹਾਂ ਅਨੁਸਾਰ ਸਕੂਲਾਂ ਨੂੰ ਅਪਗ੍ਰੇਡ ਕੀਤਾ ਜਾਂਦਾ ਰਿਹਾ ਹੈ।

2. ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਿੱਖਿਆ ਨੂੰ ਹਰ ਮੰਜ਼ਿਲ ਤੱਕ ਪਹੁੰਚਾਉਣ ਲਈ ਕਰਾਈਟੀਰੀਏ ਨੂੰ ਮੁੜ ਵਿਚਾਰਿਆ ਜਾਵੇ ਅਤੇ ਭਾਰਤ ਸਰਕਾਰ ਦੀ ਨਵੀਂ ਪਾਲਿਸੀ ਅਨੁਸਾਰ ਐਲੀਮੈਂਟਰੀ ਡਾਇਰੈਕਟੋਰੇਟ ਦੀ ਸਥਾਪਨਾ ਕੀਤੀ ਜਾਣੀ ਹੈ ਜਿਸ ਵਿਚ ਪਹਿਲੀ ਤੋਂ ਲੈ ਕੇ ਅੱਠਵੀਂ ਤੱਕ ਕਲਾਸਾਂ ਇਕੋ ਹੀ ਸਕੂਲ ਵਿੱਚ ਅਤੇ ਇਕੋ ਹੀ ਅਧਿਕਾਰੀ ਦੇ ਕੰਟਰੋਲ ਵਿੱਚ ਆ ਜਾਂਦੀਆਂ ਹਨ। ਇਸ ਲਈ ਪ੍ਰਾਇਮਰੀ ਤੋਂ ਮਿਡਲ ਸਕੂਲ ਅਪਗ੍ਰੇਡ ਕਰਨ ਲਈ ਪਹਿਲੇ ਪੜਾਅ ਵਿੱਚ ਉਹ ਸਕੂਲ ਐਲੀਮੈਂਟਰੀ ਡਾਇਰੈਕਟੋਰੇਟ ਦੇ ਅਧੀਨ ਕੀਤੇ ਜਾਣੇ ਹਨ। ਇਨ੍ਹਾਂ ਹਰ ਤਰ੍ਹਾਂ ਦੇ ਸਕੂਲਾਂ ਨੂੰ ਅਪਗ੍ਰੇਡ ਕਰਨ ਲਈ ਕਰਾਈਟੇਰੀਆ ਇਸ ਤਰ੍ਹਾਂ ਹੋਵੇਗਾ :-

<u>ਪ੍ਰਾਇਮਰੀ ਤੋਂ ਮਿਡਲ</u>

1. ਹਰ ਇਕ ਕਲਾਸ ਵਿੱਚ ਬੱਚਿਆਂ ਦੀ ਗਿਣਤੀ 20 ਤੋਂ ਘੱਟ ਨਹੀਂ ਹੋਵੇਗੀ।

2. ਪਹਿਲੇ ਪੜਾਅ ਵਿੱਚ ਉਹੀ ਸਕੂਲ ਅਪਗ੍ਰੇਡ ਕੀਤੇ ਜਾਣਗੇ ਜਿਹੜੇ ਇਕੋ ਹੀ ਇਮਾਰਤ ਵਿੱਚ ਚਲ ਰਹੇ ਹਨ। ਦੂਜੀ ਕਿਸਮ ਦੇ ਉਹ ਸਕੂਲ ਅਪਗ੍ਰੇਡੇਸ਼ਨ ਲਈ ਵਿਚਾਰੇ ਜਾਣਗੇ ਜਿਨ੍ਹਾਂ ਨੂੰ ਮਿਡਲ ਕਰਨ ਲਈ ਹੋਰ ਕਮਰਿਆਂ ਤੋਂ ਇਲਾਵਾ ਘੱਟੋ-ਘੱਟ 8 ਕਮਰੇ ਹੋਣੇ ਜ਼ਰੂਰੀ ਹਨ।

ਜਾਂ

3. ਪਿੰਡ ਦੀ ਪੰਚਾਇਤ/ਨਗਰ ਪਾਲਿਕਾ ਜਾਂ ਹੋਰ ਜਥੇਬੰਦੀ ਇਹ ਯਕੀਨੀ ਬਣਾਵੇ ਕਿ ਕਮਰਿਆਂ ਦੀ ਉਸਾਰੀ ਯਕੀਨੀ ਬਣਾਈ ਜਾਵੇਗੀ।

<u>ਮਿਡਲ ਤੋਂ ਹਾਈ</u>

1. ਵਿਦਿਆਰਥੀਆਂ ਦੀ ਗਿਣਤੀ ਘੱਟੋ ਘੱਟ 200 ਪਹਿਲੀ ਤੋਂ ਅੱਠਵੀਂ ਤੱਕ, ਅੱਧ ਪਹਾੜੀ/ਬਾਰਡਰ/ ਬੇਟ/ਪਛੜੇ ਇਲਾਕੇ ਦੇ ਸਕੂਲ ਲਈ 160 ਭਾਵ 20% ਘੱਟ।

2. ਅਪਗ੍ਰੇਡੇਸ਼ਨ ਸਮੇਂ ਹਾਈ ਸਕੂਲ ਦੀਆਂ 9ਵੀਂ ਅਤੇ 10ਵੀਂ ਜਮਾਤਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਘੱਟ 20 ਹੋਣੀ ਚਾਹੀਦੀ ਹੈ।

3. ਦਿਹਾਤੀ ਇਲਾਕੇ ਵਿੱਚ ਮਿਡਲ ਤੋਂ ਹਾਈ ਲਈ 4 ਏਕੜ ਜ਼ਮੀਨ, ਸ਼ਹਿਰੀ ਇਲਾਕੇ ਵਿੱਚ ਮਿਡਲ ਤੋਂ ਹਾਈ ਲਈ 2 ਏਕੜ ਜ਼ਮੀਨ।

[ਸਿੱਖਿਆ ਮੰਤਰੀ]

ਦਿਹਾਤੀ/ਸ਼ਹਿਰੀ ਇਲਾਕੇ ਵਿੱਚ ਕੰਮ ਕਰਦੀਆਂ ਪੰਚਾਇਤਾਂ/ਨਗਰ ਪਾਲਿਕਾਵਾਂ ਜਾਂ ਹੋਰ ਜਥੇਬੰਦੀਆਂ ਆਦਿ ਇਹ ਰੈਜ਼ੋਲਿਊਸ਼ਨ ਪਾਸ ਕਰਕੇ ਯਕੀਨੀ ਬਣਾਉਣ ਕਿ ਲੋੜੀਂਦੀ ਜਗ੍ਹਾ ਉਪਲੱਬਧ ਕਰਵਾਈ ਜਾਵੇਗੀ।

4. ਹੋਰ ਕਮਰਿਆਂ ਤੋਂ ਇਲਾਵਾ ਘੱਟੋ ਘੱਟ 10 ਕਲਾਸ ਰੂਮ ਹੋਰ ਬਣਾਉਣ ਲਈ ਮਬੰਧਿਤ ਪਿੰਡ ਦੀ ਪੰਚਾਇਤ/ਸ਼ਹਿਰ ਦੀ ਨਗਰ ਪਾਲਿਕਾ ਜਾਂ ਹੋਰ ਜਥੇਬੰਦੀਆਂ ਲਿਖਤੀ ਵਚਨ ਦੇਣ ਕਿ ਬੱਚਿਆਂ ਦੀ ਗਿਣਤੀ ਨੂੰ ਮੁੱਖ ਰੱਖ ਕੇ ਹੋਰ ਕਮਰਿਆਂ ਦੀ ਉਸਾਰੀ ਯਕੀਨੀ ਬਣਾਈ ਜਾਵੇਗੀ।

<u>ਹਾਈ ਤੋਂ ਸੀਨੀਅਰ ਸੈਕੰਡਰੀ</u>

1. ਅਪਗ੍ਰੇਡੇਸ਼ਨ ਸਮੇਂ ਹਾਈ ਸਕੂਲ ਦੀਆਂ 9ਵੀਂ ਅਤੇ 10ਵੀਂ, 11ਵੀਂ ਅਤੇ 12ਵੀਂ ਜਮਾਤਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟੋ-ਘੱਟ 20 ਹੋਣੀ ਚਾਹੀਦੀ ਹੈ।
2. 14 ਕਲਾਸ ਰੂਮ ਉਸਾਰਨ ਲਈ ਕਾਫੀ ਜਗ੍ਹਾ ਹੋਵੇ ਅਤੇ ਇਸ ਤੋਂ ਇਲਾਵਾ ਖੇਡਾਂ ਦੇ ਮੈਦਾਨ ਅਤੇ ਲਾਇਬ੍ਰੇਰੀ ਲਈ ਵੱਖਰੀ ਜਗ੍ਹਾ ਹੋਵੇ।
3. ਪੇਂਡੂ ਖੇਤਰਾਂ ਵਿੱਚ ਘੱਟੋ-ਘੱਟ 4 ਤੋਂ 5 ਏਕੜ ਜ਼ਮੀਨ ਅਤੇ ਸ਼ਹਿਰੀ ਖੇਤਰਾਂ ਵਿੱਚ 2 ਤੋਂ 3 ਏਕੜ ਜ਼ਮੀਨ ਖੇਡ ਦੇ ਮੈਦਾਨ ਲਈ ਉਪਲਬਧ ਹੋਣੀ ਚਾਹੀਦੀ ਹੈ।
4. ਦਿਹਾਤੀ/ਸ਼ਹਿਰੀ ਇਲਾਕੇ ਵਿਚ ਕੰਮ ਕਰਦੀਆਂ ਜਥੇਬੰਦੀਆਂ/ ਪੰਚਾਇਤਾਂ/ਨਗਰ ਪਾਲਿਕਾਵਾਂ ਇਹ ਯਕੀਨੀ ਬਣਾਉਣ ਕਿ ਲੋੜੀਂਦੀ ਜਗ੍ਹਾ ਉਪਲਬਧ ਕਰਾਈ ਜਾਵੇਗੀ।

<u>ਸਾਂਝੀਆਂ ਸ਼ਰਤਾਂ</u>

1. ਜਿਹੜੀਆਂ ਪੰਚਾਇਤਾਂ/ਨਗਰ ਪਾਲਿਕਾਵਾਂ ਜਾਂ ਹੋਰ ਜਥੇਬੰਦੀਆਂ ਹਰ ਤਰ੍ਹਾਂ ਦੇ ਸਕੂਲਾਂ ਲਈ ਜ਼ਮੀਨ/ਬਿਲਡਿੰਗ/ਫਰਨੀਚਰ ਅਤੇ ਕਮਰੇ ਆਦਿ ਦੇਣਗੀਆਂ ਉਨ੍ਹਾਂ ਸਕੂਲਾਂ ਨੂੰ ਪਹਿਲ ਦੇ ਆਧਾਰ ਤੇ ਅਪਗ੍ਰੇਡ ਕੀਤਾ ਜਾਵੇਗਾ।
2. ਜਿਨ੍ਹਾਂ ਸਕੂਲਾਂ ਵਿੱਚ ਦੋ ਸਾਇੰਸ ਪ੍ਰਯੋਗਸ਼ਾਲਾਵਾਂ ਉਪਲਬਧ ਹੋਣਗੀਆਂ, ਉਨ੍ਹਾਂ ਸਕੂਲਾਂ ਨੂੰ ਸਾਇੰਸ ਗਰੁੱਪ ਅਲਾਟ ਕਰਨ ਲਈ ਪਹਿਲ ਦਿੱਤੀ

ਜਾਵੇਗੀ।

3. ਜਿਨ੍ਹਾਂ ਸਕੂਲਾਂ ਨੂੰ 4-5 ਪਿੰਡ ਫੀਡ ਕਰਨਗੇ ਉਨ੍ਹਾਂ ਨੂੰ ਵੀ ਪਹਿਲ ਦੇ ਆਧਾਰ ਤੇ ਅਪਗ੍ਰੇਡ ਕੀਤਾ ਜਾਵੇਗਾ।

ਇਸ ਪੱਤਰ ਦੇ ਜਾਰੀ ਹੋਣ ਤੋਂ ਪਹਿਲਾਂ ਜਿਨ੍ਹਾਂ ਪੱਤਰਾਂ ਰਾਹੀਂ ਕਰਾਈਟੇਰੀਆ ਨਿਰਧਾਰਤ ਕਰਨ ਦੀਆਂ ਸ਼ਰਤਾਂ ਲਗਾਈਆਂ ਗਈਆਂ ਹਨ, ਉਹ ਸਾਰੇ ਪੱਤਰ ਅਧਿਲੰਘਣ (ਸੁਪਰਸੀਡ) ਕੀਤੇ ਜਾਂਦੇ ਹਨ।

4. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ੇਸ਼ ਸਕੱਤਰ ਸਿੱਖਿਆ

ਅਨੁਲੱਗ-III

ਸਰਵ ਸਿੱਖਿਆ ਅਭਿਆਨ ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਦੀਆਂ ਹਦਾਇਤਾਂ ਅਨੁਸਾਰ

1. **ਸਰਵ ਸਿੱਖਿਆ ਅਭਿਆਨ ਸਕੀਮ ਅਧੀਨ ਪ੍ਰਾਇਮਰੀ ਸਕੂਲ ਨੂੰ ਮਿਡਲ ਸਕੂਲ ਅਪਗ੍ਰੇਡ ਕਰਨ ਲਈ ਸ਼ਰਤਾਂ:**

* 3 ਕਿ.ਮੀ ਦੇ ਘੇਰੇ ਅੰਦਰ ਕੋਈ ਹੋਰ ਮਿਡਲ, ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲ ਨਾ ਹੋਵੇ।
* ਛੇਵੀਂ ਜਮਾਤ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟੋ ਘੱਟ 20 ਹੋਵੇ।
* ਦਿਹਾਤੀ ਇਲਾਕੇ ਵਿੱਚ ਮਿਡਲ ਸਕੂਲ ਖੋਲ੍ਹਣ ਲਈ 1 ਏਕੜ ਜ਼ਮੀਨ ਅਤੇ ਸ਼ਹਿਰੀ ਇਲਾਕੇ ਵਿੱਚ ਮਿਡਲ ਸਕੂਲ ਖੋਲ੍ਹਣ ਲਈ 4 ਕਨਾਲ ਜ਼ਮੀਨ ਉਪਲਬਧ ਹੋਵੇ।

2. **ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਸਕੀਮ ਅਧੀਨ ਮਿਡਲ ਸਕੂਲ ਨੂੰ ਹਾਈ ਪੱਧਰ ਤੱਕ ਅਪਗ੍ਰੇਡ ਕਰਨ ਲਈ ਸ਼ਰਤਾਂ :**

* 5 ਕਿ.ਮੀ ਦੇ ਘੇਰੇ ਅੰਦਰ ਕੋਈ ਹੋਰ ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲ ਨਾ ਹੋਵੇ।
* 9ਵੀਂ ਅਤੇ 10ਵੀਂ ਜਮਾਤ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ

[ਸਿੱਖਿਆ ਮੰਤਰੀ]

ਦੀ ਗਿਣਤੀ ਘੱਟ ਤੋਂ ਘੱਟ 70 ਹੋਵੇ।

* ਪਹਾੜੀ ਅਤੇ ਮੁਸ਼ਕਿਲ ਹਾਲਾਤਾਂ ਵਾਲੇ ਖੇਤਰ ਵਿੱਚ ਉੱਕਤ ਨਾਰਮ ਵਿੱਚ ਛੋਟ ਦਿੱਤੀ ਜਾ ਸਕਦੀ ਹੈ।
* ਦਿਹਾਤੀ ਇਲਾਕੇ ਵਿੱਚ ਹਾਈ ਸਕੂਲ ਖੋਲ੍ਹਣ ਲਈ 4 ਏਕੜ ਜ਼ਮੀਨ ਅਤੇ ਸ਼ਹਿਰੀ ਇਲਾਕੇ ਵਿੱਚ ਹਾਈ ਸਕੂਲ ਖੋਲ੍ਹਣ ਲਈ 2 ਏਕੜ ਜ਼ਮੀਨ ਉਪਲਬਧ ਹੋਵੇ।

ਜੋਧਾਂ-ਨਾਰੰਗਵਾਲ ਸੜਕ ਦੀ ਉਸਾਰੀ

*380. **ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਲੁਧਿਆਣਾ ਵਿਚ ਪਿੰਡ ਜੋਧਾਂ ਤੋਂ ਨਾਰੰਗਵਾਲ ਤੱਕ ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਸੜਕ ਬਣਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਸੜਕ ਕਦੋਂ ਤੱਕ ਬਣਾ ਦਿੱਤੀ ਜਾਵੇਗੀ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਜੋਧਾਂ ਤੋਂ ਨਾਰੰਗਵਾਲ ਤੱਕ ਸੜਕ ਨੂੰ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਫੇਜ਼ 10 ਅਧੀਨ ਅਪਗਰੇਡ ਕਰਨ ਦੀ ਤਜਵੀਜ਼ ਹੈ।

ਰੱਈਆ-ਖਡੂਰ ਸਾਹਿਬ ਸੜਕ ਨੂੰ ਚੌੜਾ ਕਰਨਾ

*391. **ਸਰਦਾਰ ਮਨਜੀਤ ਸਿੰਘ ਮੀਆਂਵਿੰਡ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਈਆ ਤੋਂ ਖਡੂਰ ਸਾਹਿਬ ਤੱਕ ਨਹਿਰ ਦੇ ਨਾਲ ਜਾਂਦੀ ਸੜਕ ਨੂੰ ਚੌੜਾ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

ਸਰਦਾਰ ਸ਼ਰਨਜੀਤ ਸਿੰਘ ਢਿੱਲੋਂ : ਸ਼੍ਰੀਮਾਨ ਜੀ, ਰੱਈਆ ਤੋਂ ਖਡੂਰ ਸਾਹਿਬ ਤੱਕ ਨਹਿਰ ਦੇ ਨਾਲ-ਨਾਲ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ANNOUNCEMENT BY THE SPEAKER REG. WELCOMING THE HON'BLE MEMBER OF LEGISLATIVE ASSEMBLY ALBERTA, CANADA

ਮਾਨਯੋਗ ਸਪੀਕਰ : ਅੱਜ ਮੈਨੂੰ ਸਦਨ ਦੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਇਹ ਦੱਸਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਮਿਸਟਰ ਪੀਟਰ ਸੰਧੂ, ਐਮ.ਐਲ.ਏ., ਅਲਬਰਟਾ, ਕੈਨੇਡਾ, ਅੱਜ ਸਦਨ ਦੀ ਕਾਰਵਾਈ ਵੇਖਣ ਲਈ ਗਵਰਨਰ ਬਾਕਸ ਵਿੱਚ ਹਾਜ਼ਰ ਹਨ। ਮੈਂ ਸਮੂਹ ਸਦਨ ਵੱਲੋਂ ਇਨ੍ਹਾਂ ਨੂੰ ਜੀ ਆਇਆਂ ਆਖਦਾ ਹਾਂ। (ਥੰਪਿੰਗ)

_____

ANNOUNCEMENT BY THE SPEAKER REG. PANEL OF CHAIRMEN

ਮਾਨਯੋਗ ਸਪੀਕਰ : ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13 ਦੀ ਕਲਾਜ਼ (1) ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ :-

1. ਸਰਦਾਰ ਗੁਰਤੇਜ ਸਿੰਘ ਘੁੜਿਆਣਾ
2. ਸਰਦਾਰ ਇਕਬਾਲ ਸਿੰਘ ਝੂੰਦਾਂ
3. ਸਰਦਾਰ ਲਾਲ ਸਿੰਘ
4. ਸ਼੍ਰੀ ਮਨੋਰੰਜਨ ਕਾਲੀਆ

ਮਾਨਯੋਗ ਸਪੀਕਰ : ਹੁਣ ਸਕੱਤਰ ਸਾਹਿਬ ਅਨਾਊਂਸਮੈਂਟ ਕਰਨਗੇ।

_____

ANNOUNCEMENT BY THE SECRETARY

ਸ਼੍ਰੀ ਸਕੱਤਰ : ਮੈਂ 10ਵੀਂ ਵਿਧਾਨ ਸਭਾ ਦੇ ਨੌਵੇਂ ਸਮਾਗਮ, 13ਵੀਂ ਵਿਧਾਨ ਸਭਾ ਦੇ ਤੇਰ੍ਹਵੇਂ ਸਮਾਗਮ ਅਤੇ 14ਵੀਂ ਵਿਧਾਨ ਸਭਾ ਦੇ ਦੂਜੇ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

1. ਪੰਜਾਬ ਕਿਰਾਇਆ ਬਿਲ, 1995
2. ਪੰਜਾਬ ਸਕੂਲ ਸਿੱਖਿਆ ਬੋਰਡ (ਸੋਧਨਾ ਅਤੇ ਵੈਧਤਾ) ਬਿਲ, 2011
3. ਪੰਜਾਬ ਨਮਿੱਤਣ (ਨੰ:2) ਬਿਲ, 2012

[ਸ੍ਰੀ ਸਕੱਤਰ]

4. ਪੰਜਾਬ ਮਿਊਂਸਪਲ (ਸੋਧਨਾ) ਬਿਲ, 2012
5. ਪੰਜਾਬ ਮਿਊਂਸਪਲ ਫੰਡ (ਸੋਧਨਾ) ਬਿਲ, 2012
6. ਪੰਜਾਬ ਮਿਊਂਸਪਲ ਕਾਰਪੋਰੇਸ਼ਨ (ਸੋਧਨਾ) ਬਿਲ, 2012
7. ਪੰਜਾਬ ਸਾਬਕਾ ਫੌਜੀਆਂ ਦੀ ਕਾਰਪੋਰੇਸ਼ਨ (ਸੋਧਨਾ) ਬਿਲ, 2012
8. ਚੰਡੀਗੜ੍ਹ ਯੂਨੀਵਰਸਿਟੀ ਬਿਲ, 2012
9. ਆਦੇਸ਼ ਯੂਨੀਵਰਸਿਟੀ ਬਿਲ, 2012
10. ਪੰਜਾਬ ਆਮ ਬੁਨਿਆਦੀ ਢਾਂਚਾ (ਵਿਨਿਯਮਨ ਅਤੇ ਸੰਭਾਲ) ਬਿਲ, 2012

MATTERS RAISED DURING ZERO HOUR

ਮਾਨਯੋਗ ਸਪੀਕਰ : ਹੁਣ ਸੀ.ਐਮ.ਸਾਹਿਬ, ਬਾਦਲ ਸਾਹਿਬ ਕੋਈ ਐਕਸ-ਪਲੇਨੇਸ਼ਨ ਦੇਣੀ ਚਾਹੁੰਦੇ ਹਨ।

ਮੁੱਖ ਮੰਤਰੀ : ਸਪੀਕਰ ਸਾਹਿਬ...

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਕਾਹਦੇ ਉਤੇ ਆਪਣੀ ਐਕਸਪਲੇਨੇਸ਼ਨ ਦੇਣੀ ਚਾਹੁੰਦੇ ਹਨ...

ਮੁੱਖ ਮੰਤਰੀ : ਮੈਂ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ ਤੇ ਉਹ ਤੁਸੀਂ ਮੰਗੀ ਹੈ। (ਵਿਘਨ)

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਇਹ ਕਿਹੜੇ ਮਾਮਲੇ ਉਤੇ ਐਕਸਪਲੇਨੇਸ਼ਨ ਦੇਣੀ ਚਾਹੁੰਦੇ ਹਨ। (ਵਿਘਨ)

ਮਾਨਯੋਗ ਸਪੀਕਰ : ਉਨ੍ਹਾਂ ਨੂੰ ਆਪਣੀ ਸਟੇਟਮੈਂਟ ਦੇਣ ਦਿਉ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਜਾਖੜ ਸਾਹਿਬ, ਕੱਲ੍ਹ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਹੋਇਆ ਸੀ ਕਿ ਪਹਿਲਾਂ ਸੀ.ਐਮ.ਸਾਹਿਬ ਆਪਣੀ ਕੁਝ ਐਕਸਪਲੇਨੇਸ਼ਨ ਜਾਂ ਕੁਝ ਉਹ ਕੋਈ ਆਪਣੀ ਗੱਲ ਕਰ ਲੈਣਗੇ (ਵਿਘਨ) ਉਹ ਲਾਅ ਐਂਡ ਆਰਡਰ ਦੇ ਉਤੇ ਨਹੀਂ ਹੈ। ਜਾਖੜ ਸਾਹਿਬ, ਉਹ ਲਾਅ ਐਂਡ ਆਰਡਰ ਤੇ ਨਹੀਂ ਹੈ।

ਮੁੱਖ ਮੰਤਰੀ : ਜਾਖੜ ਸਾਹਿਬ, ਸਾਰਾ ਟਾਈਮ ਤੁਸੀਂ ਲੈਣਾ ਹੈ, ਅਸੀਂ ਤਾਂ ਚੁੱਪ ਕਰਕੇ ਬੈਠੇ ਰਹਿੰਦੇ ਹਾਂ (ਵਿਘਨ) ਤੁਸੀਂ ਮੇਰੀ ਗੱਲ ਸੁਣ ਲਵੋ। (ਵਿਘਨ)

ਮਾਨਯੋਗ ਸਪੀਕਰ : ਜਾਖੜ ਸਾਹਿਬ, ਉਹ ਲਾਅ ਐਂਡ ਆਰਡਰ ਉਤੇ ਨਹੀਂ ਹੈ। (ਵਿਘਨ) ਸਰਦਾਰ ਲਾਲ ਸਿੰਘ ਜੀ ਕੱਲ੍ਹ ਫੈਸਲਾ ਹੋਇਆ ਸੀ ਕਿ ਲਾਅ ਐਂਡ ਆਰਡਰ ਦੇ ਉਤੇ ਨਹੀਂ ਹੋਵੇਗੀ। (ਵਿਘਨ) ਤੁਸੀਂ ਮੇਰੀ ਗੱਲ ਮੰਨ ਲਵੋ। ਉਹ ਤੁਹਾਡੇ ਸਵਾਲ ਦਾ ਹੀ ਜਵਾਬ ਦੇ ਰਹੇ ਹਨ।

ਮੁੱਖ ਮੰਤਰੀ : ਜਾਖੜ ਜੀ, ਕੀ ਸਾਰਾ ਟਾਈਮ ਤੁਸੀਂ ਹੀ ਲੈਣਾ ਹੈ, (ਵਿਘਨ) ਅਸੀਂ ਵੀ ਟਾਈਮ ਲੈਣਾ ਚਾਹੁੰਦੇ ਹਾਂ, ਅਸੀਂ ਟਾਈਮ ਕਿਉਂ ਨਹੀਂ ਲੈ ਸਕਦੇ (ਵਿਘਨ) ਮੈਨੂੰ ਫਿਰ ਪੁੱਛਦੇ ਵੀ ਨਹੀਂ ਹਨ। (ਵਿਘਨ)

ਮਾਨਯੋਗ ਸਪੀਕਰ : ਜੋ ਤੁਸੀਂ ਕਿਹਾ ਹੈ, ਉਸੇ ਤਰ੍ਹਾਂ ਕੀਤਾ ਜਾ ਰਿਹਾ ਹੈ।

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, Leader of the House has the right to give the explanation.

ਮੁੱਖ ਮੰਤਰੀ : ਤੁਸੀਂ ਪਹਿਲਾਂ ਮੇਰੀ ਗੱਲ ਤਾਂ ਸੁਣ ਲਵੋ। (ਵਿਘਨ)

ਮਾਨਯੋਗ ਸਪੀਕਰ : ਸਰਦਾਰ ਲਾਲ ਸਿੰਘ ਜੀ ਵੇਖੋ, ਲੀਡਰ ਆਫ ਦਿ ਹਾਊਸ ਵੱਲੋਂ ਗੱਲ ਕਹਿਣਾ ਉਨ੍ਹਾਂ ਦਾ ਪ੍ਰੈਰੋਗੇਟਿਵ ਹੈ। (ਵਿਘਨ) ਜਾਖੜ ਸਾਹਿਬ, ਇਹ ਉਨ੍ਹਾਂ ਦਾ ਰਾਈਟ ਹੈ, ਐਕਸਪਲੇਨੇਸ਼ਨ ਦੇਣਾ ਜਾਂ ਕਰਨਾ, ਉਨ੍ਹਾਂ ਦਾ ਰਾਈਟ ਹੈ। ਉਹ ਬੋਲ ਸਕਦੇ ਹਨ, ਉਹ ਆਪੇ ਕੋਈ ਐਕਸਪਲੇਨੇਸ਼ਨ ਦੇਣਗੇ। (ਵਿਘਨ)

ਮੁੱਖ ਮੰਤਰੀ : ਤੁਸੀਂ ਆਪ ਹੀ ਆਖਿਆ ਹੈ ਕਿ ਐਕਸਪਲੇਨ ਕਰੋ (ਵਿਘਨ)

ਮਾਨਯੋਗ ਸਪੀਕਰ : ਮੈਂ ਜਿਸ ਤਰੀਕੇ ਦੇ ਨਾਲ ਤੁਹਾਡਾ ਮਾਣ ਸਤਿਕਾਰ ਕਰਦਾ ਹਾਂ। (ਵਿਘਨ)..... ਤੁਸੀਂ ਸਮਝੇ ਨਹੀਂ।...(ਵਿਘਨ)... ਆਪਣਾ ਜੋ ਫੈਸਲਾ ਹੋਇਆ ਹੈ, ਉਸ ਦੇ ਮੁਤਾਬਿਕ ਹੀ ਹਾਊਸ ਚਲ ਰਿਹਾ ਹੈ। ਉਹ ਆਪੇ ਹੀ ਦੱਸਣਗੇ, He will explain it. ਆਪਣਾ ਜਿਹੜਾ ਫੈਸਲਾ ਹੋਇਆ ਹੈ, ਉਸ ਮੁਤਾਬਿਕ ਹੀ ਕੀਤਾ ਜਾ ਰਿਹਾ ਹੈ।

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਤੁਸੀਂ ਸੀ.ਐਮ. ਸਾਹਿਬ ਤੋਂ ਇੰਨਾ ਡਰਦੇ ਕਿਉਂ ਹੋ?

ਸ਼੍ਰੀ ਸੁਨੀਲ ਜਾਖੜ : ਤੁਸੀਂ ਪਹਿਲਾਂ ਸਾਡੀ ਗੱਲ ਸੁਣ ਲਵੋ। ਫਿਰ ਤੁਹਾਡੀ ਗੱਲ ਸੁਣ ਲਵਾਂਗੇ।

ਉਪ ਮੁੱਖ ਮੰਤਰੀ : ਇਹ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਵਿੱਚ ਫੈਸਲਾ ਹੋਇਆ ਸੀ, ਉਸ ਮੁਤਾਬਿਕ ਹੀ ਕਾਰਵਾਈ ਕੀਤੀ ਜਾ ਰਹੀ ਹੈ।

ਮਾਨਯੋਗ ਸਪੀਕਰ : ਜੋ ਫੈਸਲਾ ਕੱਲ੍ਹ ਹੋਇਆ ਹੈ, ਉਸ ਫੈਸਲੇ ਦੇ ਮੁਤਾਬਿਕ ਹੀ ਸੀ.ਐਮ. ਸਾਹਿਬ ਬੋਲਣਗੇ, ਐਕਸਪਲੇਨੇਸ਼ਨ ਦੇਣਗੇ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਬੜਾ ਅਫਸੋਸ ਹੈ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਮੈਨੂੰ ਹੀ ਗੱਲ ਨਹੀਂ ਕਰਨ ਦਿੰਦੇ ਤਾਂ ਫਿਰ ਹੋਰ ਕਿਸ ਨੂੰ ਗੱਲ ਕਰਨ ਦੇਣੀ ਹੈ। ਮੈਂ ਇਨ੍ਹਾਂ ਦਾ ਹੀ ਜਵਾਬ ਦੇਣਾ ਹੈ ਜਾਂ ਇਹ ਕਹਿ ਦੇਣ ਕਿ ਮੈਨੂੰ ਐਕਸਪਲੇਨੇਸ਼ਨ ਦੀ ਲੋੜ ਨਹੀਂ ਹੈ......

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਤੋਂ ਇਲਾਵਾ ਟਰੇਜ਼ਰੀ ਬੈਂਚਿਜ਼ ਤੋਂ ਕੁਝ ਮੈਂਬਰ ਬਗੈਰ ਇਜਾਜ਼ਤ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਇੱਕ-ਦੂਜੇ ਨਾਲ ਸਵਾਲ-ਜਵਾਬ ਕਰ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

ਮਾਨਯੋਗ ਸਪੀਕਰ : ਤੁਸੀਂ ਇੱਕ ਵਾਰ ਕਮੇਟੀ ਦੀ ਰਿਪੋਰਟ ਦੇਖ ਤਾਂ ਲਓ। ਜੋ ਆਪਣਾ ਕੱਲ੍ਹ ਫੈਸਲਾ ਹੋਇਆ ਹੈ, ਉਸ ਨੂੰ ਤੁਸੀਂ ਇੱਕ ਵਾਰ ਦੇਖ ਤਾਂ ਲਓ। (ਸ਼ੋਰ)

ਉਪ ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਇਨ੍ਹਾਂ ਨੇ ਡਿਬੇਟ ਤੋਂ ਭੱਜਣਾ ਹੈ। (ਸ਼ੋਰ, ਵਿਘਨ) ਤੁਸੀਂ ਹੁਣ ਸੀ.ਐਮ. ਸਾਹਿਬ ਤੋਂ ਕਿਉਂ ਡਰਦੇ ਹੋ?

ਮਾਨਯੋਗ ਸਪੀਕਰ : ਜਾਖੜ ਸਾਹਿਬ, ਸੀ.ਐਮ. ਸਾਹਿਬ ਕਿਸੇ ਵੇਲੇ ਵੀ ਖੜ੍ਹੇ ਹੋ ਕੇ ਐਕਸਪਲੇਨੇਸ਼ਨ ਜਾਂ ਸਟੇਟਮੈਂਟ ਦੇ ਸਕਦੇ ਹਨ। ਹੁਣ ਤਾਂ ਸਗੋਂ ਜਿਹੜਾ ਕੱਲ੍ਹ ਕਮੇਟੀ ਵਿੱਚ ਫੈਸਲਾ ਹੋਇਆ ਹੈ, ਉਹ ਉਸ ਬਾਬਤ ਬੋਲ ਰਹੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

ਮੁੱਖ ਮੰਤਰੀ : ਮੇਰੀ ਗੱਲ ਤਾਂ ਸੁਣ ਲਓ।

**Not recorded as ordered by the Chair.

ਉਪ ਮੁੱਖ ਮੰਤਰੀ : ਜਾਖੜ ਸਾਹਿਬ, ਤੁਸੀਂ ਡਰਦੇ ਕਿਉਂ ਹੋ। ਸਪੀਕਰ ਸਾਹਿਬ, ਮੈਂ ਤਾਂ ਹੈਰਾਨ ਹਾਂ (ਸ਼ੋਰ, ਵਿਘਨ)

ਸ਼੍ਰੀ ਸੁਨੀਲ ਜਾਖੜ : ਆਪਣੇ ਇੱਥੇ ਧਾਰਮਿਕ ਰਿਵਾਜ ਵੀ ਹੈ ਕਿ ਛੋਟਿਆਂ ਨੂੰ ਪਹਿਲਾਂ ਹੱਕ ਹੈ ਇਹ ਬਾਅਦ ਵਿੱਚ ਉਸ ਦਾ ਜਵਾਬ ਦੇ ਦੇਣ। (ਸ਼ੋਰ)

ਉਪ ਮੁੱਖ ਮੰਤਰੀ : ਨਹੀਂ ਜੀ, ਤੁਸੀਂ ਤਾਂ ਪਹਿਲਾਂ ਹੀ ਕੰਬਣ ਲੱਗ ਪਏ। (ਸ਼ੋਰ, ਵਿਘਨ)

ਮਾਨਯੋਗ ਸਪੀਕਰ : ਸਰਦਾਰ ਲਾਲ ਸਿੰਘ ਜੀ, ਤੁਸੀਂ ਕੱਲ੍ਹ ਆਪ ਹੀ ਫੈਸਲਾ ਕੀਤਾ ਹੈ। ਮੈਨੂੰ ਚੰਗਾ ਨਹੀਂ ਲਗਦਾ ਕਿ ਮੈਂ ਵਾਰ-ਵਾਰ ਕਹਾਂ। ਤੁਸੀਂ ਆਪ ਹੀ ਬੈਠ ਜਾਓ।

ਮੁੱਖ ਮੰਤਰੀ : ਕੈਪਟਨ ਸਾਹਿਬ, ਤੁਸੀਂ ਆਪ ਹੀ ਇਨ੍ਹਾਂ ਨੂੰ ਸਮਝਾ ਦਿਓ। (ਹਾਸਾ) (ਸ਼ੋਰ, ਵਿਘਨ)

ਮਾਨਯੋਗ ਸਪੀਕਰ : ਤੁਸੀਂ ਤਾਂ ਸੁਣਦੇ ਹੀ ਨਹੀਂ, ਲਗਦਾ ਹੈ ਕਿ ਫੈਸਲਾ ਕਰਕੇ ਆਏ ਹੋ। (ਸ਼ੋਰ, ਵਿਘਨ) ਮੈਂ ਕਿਹਾ ਜੀ ਜੋ ਕਮੇਟੀ ਵਿੱਚ ਫੈਸਲਾ ਹੋਇਆ ਹੈ, ਉਸ ਮੁਤਾਬਿਕ ਹੀ ਸਾਰਾ ਕੁਝ ਚੱਲ ਰਿਹਾ ਹੈ।

ਮੁੱਖ ਮੰਤਰੀ : ਪਹਿਲਾਂ ਮੇਰੀ ਗੱਲ ਤਾਂ ਸੁਣ ਲਓ। ਫੇਰ ਜੋ ਮਰਜ਼ੀ ਕਹਿ ਲੈਣਾ।

ਉਪ ਮੁੱਖ ਮੰਤਰੀ : ਪਹਿਲਾਂ ਤਾਂ ਸਾਡੇ ਤੋਂ ਜਵਾਬ ਮੰਗਦੇ ਸੀ ਤੇ ਹੁਣ ਸੁਣਨ ਤੋਂ ਡਰਦੇ ਕਿਉਂ ਹੋ? (ਸ਼ੋਰ, ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸ੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਆ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਬਹੁਤ ਸ਼ੋਰ ਸੀ।)

ਮੁੱਖ ਮੰਤਰੀ : (ਵਿਘਨ) (ਸ਼ੋਰ) ਮੇਰੀ ਗੱਲ ਸੁਣ ਲਵੋ (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਕੁਝ ਮੈਂਬਰ ਮੁੱਖ ਮੰਤਰੀ, ਪੰਜਾਬ ਦੀ ਸੀਟ ਕੋਲ ਜਾ ਕੇ ਉਨ੍ਹਾਂ ਨੂੰ ਕੁਝ ਕਾਗਜ਼ ਪੱਤਰ ਦਿਖਾ ਕੇ ਡਿਸਕਸ਼ਨ

**Not recorded as ordered by the Chair .

[ਮੁੱਖ ਮੰਤਰੀ]

ਕਰਨ ਲਈ ਕਹਿ ਰਹੇ ਸਨ ਅਤੇ ਟਰੈਜ਼ਰੀ ਬੈਂਚਿਜ਼ ਵੱਲੋਂ ਵੀ ਕੁਝ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਹਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।) (ਵਿਘਨ) (ਸ਼ੋਰ)

ਮੁੱਖ ਮੰਤਰੀ : ਇਨ੍ਹਾਂ ਨੇ ਮੇਰੇ ਤੇ ਐਲੀਗੇਸ਼ਨ ਲਗਾਇਆ ਹੈ ਮੇਰੇ ਤੇ ਧੱਬਾ ਲਗਾਇਆ ਹੈ (ਵਿਘਨ) (ਸ਼ੋਰ) ਕੀ ਮੈਂ ਆਪਣੀ ਐਕਸਪਲੇਨੇਸ਼ਨ ਨਹੀਂ ਦੇ ਸਕਦਾ? (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਸਾਰੇ ਆਪੋ ਆਪਣੀਆਂ ਸੀਟਾਂ ਤੇ ਚਲੇ ਜਾਉ। (ਵਿਘਨ) (ਸ਼ੋਰ) ਜਾਖੜ ਸਾਹਿਬ, ਆਪਣੇ ਬੰਦਿਆਂ ਨੂੰ ਸੀਟਾਂ ਤੇ ਲਿਜਾਉ। (ਵਿਘਨ) (ਸ਼ੋਰ) ਕੱਲ੍ਹ ਜੋ ਫੈਸਲਾ ਹੋਇਆ ਸੀ, ਉਸ ਦੇ ਮੁਤਾਬਕ ਹੀ ਚੱਲ ਰਹੇ ਹਾਂ.... (ਵਿਘਨ) (ਸ਼ੋਰ)

(ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਕੁਝ ਅਵਾਜ਼ਾਂ: ਕੱਲ੍ਹ ਫੈਸਲਾ ਹੋਇਆ ਸੀ ਕਿ ਜਾਖੜ ਸਾਹਿਬ ਬੋਲਣਗੇ ਅਤੇ ਮੁੱਖ ਮੰਤਰੀ ਜੀ ਉਸ ਦਾ ਜਵਾਬ ਦੇਣਗੇ।)

ਮਾਨਯੋਗ ਸਪੀਕਰ : (ਵਿਘਨ) (ਸ਼ੋਰ) ਮੈਂ ਕਿਹਾ ਜੀ ਕਿ ਕੱਲ੍ਹ ਜੋ ਫੈਸਲਾ ਹੋਇਆ ਸੀ, ਉਸ ਮੁਤਾਬਕ ਹੀ ਚੱਲ ਰਹੇ ਹਾਂ। (ਵਿਘਨ) (ਸ਼ੋਰ)

ਮੁੱਖ ਮੰਤਰੀ : (ਵਿਘਨ) (ਸ਼ੋਰ) ਜੇ ਅੱਜ ਨਹੀਂ ਤਾਂ ਮੈਂ ਕੱਲ੍ਹ ਨੂੰ ਦੇ ਦੇਵਾਂਗਾ.....(ਵਿਘਨ) (ਸ਼ੋਰ) ਮੇਰੀ ਗੱਲ ਸੁਣੋ....(ਵਿਘਨ) (ਸ਼ੋਰ) ਗੱਲ ਤਾਂ ਸੁਣ ਲਵੋ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸ੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦੀ ਹਾਊਸ ਵਿੱਚ ਖੜ੍ਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ।) (ਵਿਘਨ) (ਸ਼ੋਰ)

ਮਾਨਯੋਗ ਸਪੀਕਰ : **ਨਾਅਰੇ ਰਿਕਾਰਡ ਨਾ ਕੀਤੇ ਜਾਣ। Please, go to your seats. ਪਲੀਜ਼, ਆਪਣੀਆਂ ਆਪਣੀਆਂ ਸੀਟਾਂ ਤੇ ਜਾਉ। (ਵਿਘਨ) (ਸ਼ੋਰ) ਆਪਣੇ ਬੰਦਿਆਂ ਤੋਂ ਪੁੱਛ ਲਵੋ (ਵਿਘਨ) (ਸ਼ੋਰ) ਕੱਲ੍ਹ ਫੈਸਲਾ ਇਹ ਹੋਇਆ ਸੀ। (ਵਿਘਨ) (ਸ਼ੋਰ) ਇਸ ਤੋਂ ਬਾਅਦ ਹੀ ਡਿਸਕਸ਼ਨ ਹੋਣੀ ਹੈ। (ਵਿਘਨ) (ਸ਼ੋਰ) ਅੱਜ ਵੀ ਲਾਅ ਐਂਡ ਆਰਡਰ ਤੇ ਡਿਸਕਸ਼ਨ ਹੋਣੀ ਹੈ ਅਤੇ ਕੱਲ੍ਹ ਵੀ ਹੋਣੀ ਹੈ....(ਵਿਘਨ) (ਸ਼ੋਰ)। ਨਹੀਂ ਜੀ, ਨਹੀਂ। (ਵਿਘਨ) (ਸ਼ੋਰ) ਮੁੱਖ ਮੰਤਰੀ ਸਾਹਿਬ ਦਾ ਜਿਹੜਾ ਬਿਆਨ ਹੈ, ਉਹ ਭਾਵੇਂ ਐਕਸਪਲੇਨੇਸ਼ਨ ਕਰਨਾ, ਚਾਹੁਣ ਭਾਵੇਂ ਸਟੇਟਮੈਂਟ ਕਰਨੀ ਚਾਹੁਣ, ਇਹ

**Not recorded as ordered by the Chair.

ਉਨ੍ਹਾਂ ਦੀ ਮਰਜ਼ੀ ਹੈ। (ਵਿਘਨ) (ਸ਼ੋਰ) ਜੋ ਕੱਲ੍ਹ ਫੈਸਲਾ ਕਰਕੇ ਆਏ ਹੋ, ਉਹੀ ਕਰ ਰਹੇ ਹਾਂ। ਜੋ ਫੈਸਲਾ ਕੀਤਾ ਹੈ, ਉਸ ਮੁਤਾਬਕ ਹੀ ਚੱਲ ਰਹੇ ਹਾਂ। ਉਨ੍ਹਾਂ ਨੇ ਐਕਸਪਲੇਨੇਸ਼ਨ ਦੇਣੀ ਹੈ, ਕੱਲ੍ਹ ਇਸ ਬਾਰੇ ਫੈਸਲਾ ਹੋਇਆ ਸੀ ਕਿ ਬਾਦਲ ਸਾਹਿਬ ਬੋਲਣਗੇ। (ਵਿਘਨ) (ਸ਼ੋਰ) ਲੀਡਰ ਆਫ਼ ਦਿ ਹਾਊਸ ਕਿਸੇ ਵੀ ਮੂਵਮੈਂਟ ਤੇ ਬੋਲ ਸਕਦੇ ਹਨ। (ਵਿਘਨ) (ਸ਼ੋਰ) ਮੈਂ ਕਿਹਾ ਜੀ ਕਿ ਡਿਸਕਸ਼ਨ ਹੋਵੇਗੀ, ਇਸ ਤੋਂ ਬਾਅਦ ਹੋਵੇਗੀ। ਲਾਅ ਐਂਡ ਆਰਡਰ ਤੇ ਹੀ ਉਨ੍ਹਾਂ ਨੇ ਬੋਲਣਾ ਹੈ। (ਵਿਘਨ) (ਸ਼ੋਰ) ਤੁਸੀਂ ਪਹਿਲਾਂ ਆਪਣੇ ਬੰਦਿਆਂ ਤੋਂ ਪੁੱਛ ਲਵੋ। ਮੇਰੀ ਇਕ ਗੱਲ ਸੁਣੋ,....(ਵਿਘਨ).... ਮੇਰੀ ਇਕ ਗੱਲ ਸੁਣੋ, ਜਾਖੜ ਸਾਹਿਬ ਜਦੋਂ ਆਪਾਂ ਕੱਲ੍ਹ ਫੈਸਲਾ ਕੀਤਾ ਹੈ (ਵਿਘਨ).... ਮੇਰੀ ਗੱਲ ਤਾਂ ਸੁਣ ਲਓ। ਨਹੀਂ ਜੀ, ਤੁਸੀਂ ਪਹਿਲਾਂ ਆਪਣੇ ਬੰਦਿਆਂ ਨੂੰ ਪੁੱਛ ਲਓ, ਜਾਖੜ ਸਾਹਿਬ ਮੇਰੀ ਗੱਲ ਤਾਂ ਸੁਣ ਲਓ। ਜਾਖੜ ਸਾਹਿਬ, ਮੇਰੀ ਇਕ ਬੇਨਤੀ ਸੁਣੋਗੇ? ਜਾਖੜ ਸਾਹਿਬ, ਬੇਨਤੀ ਸੁਣੋਗੇ ਮੇਰੀ ? ਮੇਰੀ ਇਕ ਗੱਲ ਸੁਣੋਗੇ ਪਹਿਲਾਂ ? ਮੇਰੀ ਗੱਲ ਸੁਣ ਲਓ, ਮੇਰੀ ਗੱਲ ਤਾਂ ਸੁਣੋ..... ਦੇਖੋ ਗੱਲ ਸੁਣੋ, ਮੇਰੀ ਗੱਲ ਸੁਣੋ ਤੁਸੀਂ, ਮੇਰੀ ਗੱਲ ਤਾਂ ਸੁਣੋ। ਪਹਿਲਾਂ ਆਪਣੇ ਬੰਦਿਆਂ ਨੂੰ ਸੀਟਾਂ ਤੇ ਭੇਜੋ। ਮੈਂ ਕਿਹਾ ਜੀ ਮੇਰੀ ਗੱਲ ਤਾਂ ਸੁਣੋ, ਜਿਹੜਾ ਲੀਡਰ ਆਫ਼ ਦੀ ਹਾਊਸ ਹੈ, ਉਹ at any moment ਕਿਸੇ ਵੇਲੇ ਵੀ ਉਹ ਖੜ੍ਹਾ ਹੋ ਕੇ ਕੁਝ ਵੀ ਐਕਸਪਲੇਨੇਸ਼ਨ ਕਰ ਸਕਦਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਦਨ ਦੇ ਵੈੱਲ ਵਿੱਚ ਆ ਕੇ ** ** ਨਾਅਰੇ ਲਗਾ ਰਹੇ ਸਨ।)

Mr. Speaker : Please go to your seats. ਸਰਦਾਰ ਲਾਲ ਸਿੰਘ ਜੀ ਨਹੀਂ, ਤੁਸੀਂ ਆਪਣੇ ਵਾਅਦੇ ਤੋਂ ਫਿਰ ਰਹੇ ਹੋ, ਮੈਂ ਪੜ੍ਹ ਲਿਆ, ਮੈਂ ਵੇਖ ਲਿਆ ਹੈ। ਉਨ੍ਹਾਂ ਨੇ ਆਪਣੀ ਐਕਸਪਲੇਨੇਸ਼ਨ ਦੇਣੀ ਹੈ। ਆਪਾਂ ਇਹੋ ਕੱਲ੍ਹ ਫੈਸਲਾ ਕੀਤਾ ਸੀ।..... ਮੈਂ ਮੁੱਖ ਮੰਤਰੀ ਸਾਹਿਬ (ਵਿਘਨ) ਤੁਹਾਨੂੰ ਪਤਾ ਹੈ..... ਦੇਖੋ ਮੇਰੀ ਗੱਲ ਤਾਂ ਸੁਣ ਲਓ। ਮੁੱਖ ਮੰਤਰੀ ਸਾਹਿਬ ਗੱਲ ਸੁਣੋ। ਪਹਿਲਾਂ ਮੇਰੀ ਗੱਲ ਤਾਂ ਸੁਣ ਲਓ। ਮੇਰੀ ਗੱਲ ਤਾਂ ਸੁਣਦੇ ਨਹੀਂ। ਤੁਸੀਂ ਮੇਰੀ ਗੱਲ ਤਾਂ ਸੁਣ ਲਓ। ਉਹ ਇਹ ਹੈ ਜਾਖੜ ਸਾਹਿਬ ਪਹਿਲਾਂ ਗੱਲ ਸੁਣ ਲਓ, ਫਿਰ ਮੰਨਿਓ ਜਾਂ ਨਾ ਮੰਨਿਓ। ਮੇਰੀ ਗੱਲ ਤਾਂ ਸੁਣ ਲਓ, ਗੱਲ ਸੁਣੋ, ਮੇਰੀ ਗੱਲ ਤਾਂ ਸੁਣੋ, ਮੈਂ ਕਿਹਾ ਕਿ ਮੇਰੀ ਗੱਲ ਸੁਣ ਲਓ। ਇਹ ਕੁਝ ਵੀ ਰਿਕਾਰਡ ਨਹੀਂ ਕਰਨਾ not to be recorded (ਵਿਘਨ) (ਸ਼ੋਰ) ਹੁਣ ਏਜੰਡੇ ਦੀ ਅਗਲੀ ਆਈਟਮ ਲੈਂਦੇ ਹਾਂ।

**Not recorded as ordered by the Chair.

PRESENTATION OF THE FIRST REPORT OF BUSINESS ADVISORY COMMITTEE

ਮਾਨਯੋਗ ਸਪੀਕਰ : ਹੁਣ ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਇਸ ਤਰ੍ਹਾਂ ਹੈ :

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ ਮਿਤੀ 18-12-2012 ਤੋਂ 21-12-2012 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨ ਲਿਖਤ ਕੰਮ-ਕਾਰ ਕੀਤਾ ਜਾਵੇਗਾ :-

ਮੰਗਲਵਾਰ, 18 ਦਸੰਬਰ, 2012 (10:00 ਵਜੇ ਸਵੇਰੇ)

1. ਵਿਧਾਨਕ ਕੰਮ-ਕਾਰ :

(i) ਪੰਜਾਬ ਪਿੰਡ ਦੀਆਂ ਸ਼ਾਮਲਾਟਾਂ (ਵਿਨਿਯਮਨ) ਸੋਧਨਾ ਬਿਲ, 2012 (2012 ਦੇ ਆਰਡੀਨੈਂਸ ਨੰ: 5 ਦੀ ਥਾਂ ਲੈਣ ਲਈ);

(ii) ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 2012 (2012 ਦਾ ਆਰਡੀਨੈਂਸ ਨੰ: 11 ਦੀ ਥਾਂ ਲੈਣ ਲਈ);

(iii) ਪੰਜਾਬ ਮਿਉਂਸਿਪਲ (ਦੂਜੀ ਸੋਧਨਾ) ਬਿਲ, 2012 (2012 ਦਾ ਆਰਡੀਨੈਂਸ ਨੰ: 13 ਦੀ ਥਾਂ ਲੈਣ ਲਈ)

(iv) ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2012 (2012 ਦਾ ਆਰਡੀਨੈਂਸ ਨੰ: 14 ਦੀ ਥਾਂ ਲੈਣ ਲਈ); ਅਤੇ

(v) ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਕਰ (ਸੋਧਨਾ) ਬਿਲ, 2012 (2012 ਦਾ ਆਰਡੀਨੈਂਸ ਨੰ: 16 ਦੀ ਥਾਂ ਲੈਣ ਲਈ)

2. ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਤੇ ਬਹਿਸ।

(ਜਾਰੀ ਰਹੇਗੀ)

ਬੁੱਧਵਾਰ, 19 ਦਸੰਬਰ, 2012 (10:00 ਵਜੇ ਸਵੇਰੇ)

1. ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਤੇ ਬਹਿਸ।

(ਸਮਾਪਤ ਕੀਤੀ ਜਾਵੇਗੀ)

2. (i) ਫ਼ਸਲਾਂ ਦੀ ਵਿਭਿੰਨਤਾ ਸਬੰਧੀ ਸਰਕਾਰੀ ਮਤਾ।

ਵੀਰਵਾਰ, 20 ਦਸੰਬਰ, 2012 (10:00 ਵਜੇ ਸਵੇਰੇ)

ਗ਼ੈਰ-ਸਰਕਾਰੀ ਕੰਮ-ਕਾਰ

ਸ਼ੁੱਕਰਵਾਰ, 21 ਦਸੰਬਰ, 2012 (10.00 ਵਜੇ ਸਵੇਰੇ)

1. ਵਿਧਾਨਕ ਕੰਮ-ਕਾਰ ; ਅਤੇ

2. ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ।

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਵੇ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ ਰਹਿਣਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਹੁਣ ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

ਸੰਸਦੀ ਮਾਮਲੇ, ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**Not Recorded as ordered by the Chair.

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

CALLING ATTENTION NOTICE UNDER RULE 66

(Serial No. 3)

ਮਾਨਯੋਗ ਸਪੀਕਰ : ਧਿਆਨ ਦਿਵਾਊ ਮਤਾ, ਸ਼੍ਰੀ ਅਸ਼ਵਨੀ ਸੇਖੜੀ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਪੇਸ਼ ਕਰੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸ੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

(ਸਬੰਧਿਤ ਮੈਂਬਰ ਸ਼੍ਰੀ ਅਸ਼ਵਨੀ ਸੇਖੜੀ ਵੱਲੋਂ ਧਿਆਨ ਦਿਵਾਊ ਮਤਾ ਪੇਸ਼ ਨਹੀਂ ਕੀਤਾ ਗਿਆ।)

PAPERS TO BE LAID / RE-LAID ON THE TABLE OF THE HOUSE

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

1. (i) ਪੰਜਾਬ ਪਿੰਡ ਦੀਆਂ ਸ਼ਾਮਲਾਟਾਂ (ਵਿਨਿਯਮਨ) ਸੋਧਨਾ ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 5);

**Not recorded as ordered by the Chair.

(ii) ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 8);

(iii) ਪੰਜਾਬ ਅੱਗ ਨੂੰ ਰੋਕਣ ਅਤੇ ਕੰਟਰੋਲ ਕਰਨ ਲਈ ਸੁਰੱਖਿਆ ਉਪਾਅ ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 9);

(iv) ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 11);

(v) ਪੰਜਾਬ ਮਿਊਂਸਿਪਲ (ਦੂਜੀ ਸੋਧਨਾ) ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 13);

(vi) ਪੰਜਾਬ ਮਿਊਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 14);

(vii) ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਕਰ (ਸੋਧਨਾ) ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 16); ਅਤੇ

(viii) ਪੰਜਾਬ ਮੁੱਲ ਅਧਾਰਿਤ ਕਰ (ਸੋਧਨਾ) ਆਰਡੀਨੈਂਸ, 2012 (2012 ਦਾ ਪੰਜਾਬ ਆਰਡੀਨੈਂਸ ਨੰ. 17),

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ।

2. (i) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕੋਆਪ੍ਰੇਟਿਵ ਗਰੁੱਪ ਹਾਊਸਿੰਗ ਸੁਸਾਇਟੀਜ਼/ਇੰਪਲਾਇਰਜ ਨੂੰ ਸਿੰਗਲ ਪੁਆਇੰਟ ਸਪਲਾਈ ਕਰਨਾ) (ਪਹਿਲੀ ਸੋਧਨਾ) ਵਿਨਿਯਮ, 2010;

(ii) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਬਿਜਲੀ ਸਪਲਾਈ ਕੋਡ ਅਤੇ ਸਬੰਧਿਤ ਮਾਮਲੇ) (ਪਹਿਲੀ ਸੋਧਨਾ) ਵਿਨਿਯਮ, 2010;

(iii) ਪੰਜਾਬ ਰਾਜ ਗਰਿਡ ਕੋਡ (ਪਹਿਲੀ ਸੋਧਨਾ) 2010;

(iv) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਆਮ ਪਹੁੰਚ) (ਤੀਜੀ ਸੋਧਨਾ) ਵਿਨਿਯਮ, 2010;

[ਸੰਸਦੀ ਮਾਮਲੇ ਮੰਤਰੀ]

(v) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਨਵਿਆਉਣਯੋਗ ਖਰੀਦ ਜ਼ਿੰਮੇਵਾਰੀ ਅਤੇ ਉਸ ਦੀ ਪਾਲਣਾ) ਵਿਨਿਯਮਨ, 2011; ਅਤੇ

(vi) ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਅੰਤਰ-ਰਾਜੀ ਆਮ ਪਹੁੰਚ ਲਈ ਸ਼ਰਤਾਂ) ਵਿਨਿਯਮਨ, 2011,

ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 182 ਅਧੀਨ ਲੋੜੀਂਦਾ ਹੈ।

3. ਪੰਜਾਬ ਪੁਲਿਸ (ਪਹਿਲੀ ਸੋਧਨਾ) ਨਿਯਮਾਵਲੀ, 2011 ਜਿਵੇਂ ਕਿ ਪੰਜਾਬ ਪੁਲਿਸ ਐਕਟ, 2007 ਦੀ ਧਾਰਾ 80 (2) ਅਧੀਨ ਲੋੜੀਂਦਾ ਹੈ।

LEGISLATIVE BUSINESS

1. THE PUNJAB VILLAGE COMMON LANDS (REGULATION) AMENDMENT BILL, 2012

(REPLACING ORDINANCE)

ਮਾਨਯੋਗ ਸਪੀਕਰ : ਅਗਲੀ ਆਈਟਮ, ਵਿਧਾਨਕ ਕੰਮ-ਕਾਰ। ਹਾਂ ਜੀ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਜੀ, ਪੰਜਾਬ ਪਿੰਡ ਦੀਆਂ ਸ਼ਾਮਲਾਟਾਂ (ਵਿਨਿਯਮ) ਸੋਧਨਾ ਬਿਲ, 2012 ਪੇਸ਼ ਕਰਨਗੇ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) : ਸ਼੍ਰੀਮਾਨ ਜੀ, ਮੈਂ ਪੰਜਾਬ ਪਿੰਡ ਦੀਆਂ ਸ਼ਾਮਲਾਟਾਂ (ਵਿਨਿਯਮ) ਸੋਧਨਾ ਬਿਲ, 2012 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਪਿੰਡ ਦੀਆਂ ਸ਼ਾਮਲਾਟਾਂ (ਵਿਨਿਯਮ) ਸੋਧਨਾ ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ-

ਕਿ ਪੰਜਾਬ ਪਿੰਡ ਦੀਆਂ ਸ਼ਾਮਲਾਟਾਂ (ਵਿਨਿਯਮ) ਸੋਧਨਾ ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਪਿੰਡ ਦੀਆਂ ਸ਼ਾਮਲਾਟਾਂ (ਵਿਨਿਯਮ) ਸੋਧਨਾ ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਅਤੇ 3

ਮਾਨਯੋਗ ਸਪੀਕਰ : ਕਿਉਂ ਜੋ ਕਲਾਜ਼ਾਂ 2 ਅਤੇ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇੱਕਠੀਆਂ ਹੀ ਸਦਨ ਦੀ ਵੋਟ ਲਈ ਰੱਖ ਲਈਆਂ ਜਾਣ।

(ਅਵਾਜ਼ਾਂ : ਹਾਂ ਜੀ,ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ

[ਮਾਨਯੋਗ ਸਪੀਕਰ]

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਸਰਦਾਰ ਸੁਰਜੀਤ ਸਿੰਘ ਰੱਖੜਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਪਿੰਡ ਦੀਆਂ ਸ਼ਾਮਲਾਟਾਂ (ਵਿਨਿਯਮ) ਸੋਧਨਾ ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ–

ਕਿ ਪੰਜਾਬ ਪਿੰਡ ਦੀਆਂ ਸ਼ਾਮਲਾਟਾਂ (ਵਿਨਿਯਮ) ਸੋਧਨਾ ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ–

ਕਿ ਪੰਜਾਬ ਪਿੰਡ ਦੀਆਂ ਸ਼ਾਮਲਾਟਾਂ (ਵਿਨਿਯਮ) ਸੋਧਨਾ ਬਿਲ, 2012 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

---

2. THE PUNJAB TOWN IMPROVEMENT (AMENDMENT) BILL, 2012

(REPLACING ORDINANCE)

ਮਾਨਯੋਗ ਸਪੀਕਰ : ਹਾਂ ਜੀ, ਸਥਾਨਕ ਸਰਕਾਰ ਮੰਤਰੀ ਜੀ, ਪੰਜਾਬ

ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 2012 ਪੇਸ਼ ਕਰਨਗੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 2012 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਆਪਣੀਆਂ-ਆਪਣੀਆਂ ਸੀਟਾਂ ਤੇ ਜਾਉ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ ਆਫ਼ ਦਿ ਹਾਊਸ ਵਿੱਚ ਆ ਕੇ ਖੜ੍ਹੇ ਸਨ ਅਤੇ ਉੱਚੀ-ਉੱਚੀ ਆਵਾਜ਼ਾਂ ਵਿੱਚ** ** ਨਾਅਰੇ ਲਗਾ ਰਹੇ ਸਨ। ਮੈਂਬਰ ਸਾਹਿਬਾਨ ਨੇ ਹਾਊਸ ਦੇ ਵੈੱਲ ਵਿੱਚ ਕਾਗਜ਼ ਉਛਾਲੇ ਅਤੇ ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਜੀ ਰਿਪੋਰਟਰਜ਼ ਦੀ ਕੁਰਸੀ ਤੇ ਖੜ੍ਹੇ ਹੋ ਕੇ ** **ਨਾਅਰੇ ਮਾਰ ਰਹੇ ਸਨ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

**Not recorded as ordered by the Chair.

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 6

ਮਾਨਯੋਗ ਸਪੀਕਰ : ਕਿਉਂ ਜੋ ਕਲਾਜ਼ਾਂ 2 ਤੋਂ 6 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 6 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ

ਕੀਤਾ ਜਾਵੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ–

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

-----

3. THE PUNJAB MUNICIPAL (SECOND AMENDMENT) BILL, 2012 (REPLACING ORDINANCE)

ਮਾਨਯੋਗ ਸਪੀਕਰ : ਹੁਣ ਸਥਾਨਕ ਸਰਕਾਰ ਮੰਤਰੀ ਜੀ ਪੰਜਾਬ ਮਿਉਂਸਿਪਲ (ਦੂਜੀ ਸੋਧਨਾ) ਬਿਲ, 2012 ਪੇਸ਼ ਕਰਨਗੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਪੰਜਾਬ ਮਿਉਂਸਿਪਲ (ਦੂਜੀ ਸੋਧਨਾ) ਬਿਲ, 2012 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਮਿਉਂਸਿਪਲ (ਦੂਜੀ ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਮਿਉਂਸਿਪਲ (ਦੂਜੀ ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

[ਮਾਨਯੋਗ ਸਪੀਕਰ]

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਪੰਜਾਬ ਮਿਊਂਸਿਪਲ (ਦੂਜੀ ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼-1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 15

ਕਿਉਂ ਜੋ ਕਲਾਜ਼ਾਂ 2 ਤੋਂ 15 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 15 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ

ਮਾਨਯੋਗ ਸਪੀਕਰ : ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਬਲਬੀਰ ਸਿੰਘ ਸਿੱਧੂ ਅਤੇ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਮਾਨਯੋਗ ਸਪੀਕਰ, ਵਿਰੋਧੀ **** ਨਾਅਰੇ ਲਗਾ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤੇ ਗਏ।)

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਮਿਉਂਸਿਪਲ (ਦੂਜੀ ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਮਿਉਂਸਿਪਲ (ਦੂਜੀ ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਮਿਉਂਸਿਪਲ (ਦੂਜੀ ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

_____

4. THE PUNJAB MUNICIPAL CORPORATION (SECOND AMENDMENT) BILL, 2012 *(Replacing Ordinance)*

ਮਾਨਯੋਗ ਸਪੀਕਰ : ਹੁਣ ਸਥਾਨਕ ਸਰਕਾਰ ਮੰਤਰੀ ਜੀ, ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2012 ਪੇਸ਼ ਕਰਨਗੇ।

**Not recorded as ordered by the Chair.

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2012 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 15

ਮਾਨਯੋਗ ਸਪੀਕਰ : ਕਿਉਂ ਜੋ ਕਲਾਜ਼ਾਂ 2 ਤੋਂ 15 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 15 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸ਼੍ਰੀ ਰਜਨੀਸ਼ ਕੁਮਾਰ ਵੈੱਲ-ਆਫ਼-ਦਿ ਹਾਊਸ ਵਿੱਚ ਆ ਕੇ ਖੜ੍ਹੇ ਸਨ ਅਤੇ ਉੱਚੀ-ਉੱਚੀ ਆਵਾਜ਼ਾਂ ਵਿੱਚ ਮਾਨਯੋਗ ਸਪੀਕਰ ਵਿਰੋਧੀ ** ਨਾਅਰੇ ਲਗਾ ਰਹੇ ਸਨ ਜੋ ਕਿ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਨੇ ਰਿਪੋਰਟਰਾਂ ਦੀਆਂ ਟੇਬਲਾਂ ਤੇ ਆ ਕੇ ਉਨ੍ਹਾਂ ਦੇ ਪੈੱਨ ਅਤੇ ਕਾਪੀਆਂ ਖੋਹ ਲਈਆਂ ਅਤੇ ਉਨ੍ਹਾਂ ਦੇ ਟੇਬਲਾਂ ਤੇ ਲੱਗੀਆਂ ਹੈਡ-ਫੋਨ ਦੀਆਂ ਤਾਰਾਂ ਵੀ ਕੱਢ ਦਿੱਤੀਆਂ ਗਈਆਂ।)

ਉਪ ਮੁੱਖ ਮੰਤਰੀ : (ਬੈਠੇ-ਬੈਠੇ) (ਕਾਂਗਰਸੀ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਇਹ ਕੋਈ ਡੈਮੋਕਰੇਟਿਕ ਤਰੀਕਾ ਨਹੀਂ ਹੈ। ਰਿਪੋਰਟਰਾਂ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ। ਇਹ ਠੀਕ ਨਹੀਂ ਹੈ।

(ਇਸ ਸਮੇਂ ਰਿਪੋਰਟਰਾਂ ਨੇ ਆਪਣੀਆਂ ਕਾਪੀਆਂ ਅਤੇ ਪੈੱਨ ਬੇਨਤੀ ਕਰਕੇ ਵਾਪਸ ਲਏ।)

**Not recorded as ordered by the Chair.

ਮਾਨਯੋਗ ਸਪੀਕਰ : ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ (ਸ਼੍ਰੀ ਚੂਨੀ ਲਾਲ ਭਗਤ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ (ਦੂਜੀ ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

-----

5. THE PUNJAB (INSTITUTIONS AND OTHER BUILDINGS) TAX (AMENDMENT) BILL, 2012 *(Replacing Ordinance)*

ਮਾਨਯੋਗ ਸਪੀਕਰ : ਹੁਣ ਉਪ ਮੁੱਖ ਮੰਤਰੀ ਜੀ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਕਰ (ਸੋਧਨਾ) ਬਿਲ, 2012 ਪੇਸ਼ ਕਰਨਗੇ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਕਰ (ਸੋਧਨਾ) ਬਿਲ, 2012 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਕਰ (ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਕਰ (ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਕਰ (ਸੋਧਨਾ) ਬਿਲ, 2012 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ਾਂ 2 ਅਤੇ 3

ਮਾਨਯੋਗ ਸਪੀਕਰ : ਕਿਉਂ ਜੋ ਕਲਾਜ਼ਾਂ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਆਵਾਜ਼ਾਂ : ਹਾਂ ਜੀ, ਹਾਂ ਜੀ)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੇ 3 ਬਿਲ ਦਾ ਹਿੱਸਾ ਹਨ।

[ਮਾਨਯੋਗ ਸਪੀਕਰ]

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ-ਕਲਾਜ਼ (1)

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਉਪ ਮੁੱਖ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਕਰ (ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਕਰ (ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ (ਸੰਸਥਾਵਾਂ ਅਤੇ ਹੋਰ ਇਮਾਰਤਾਂ) ਕਰ (ਸੋਧਨਾ) ਬਿਲ, 2012 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਲਾਅ ਐਂਡ ਆਰਡਰ ਤੇ ਡਿਸਕਸ਼ਨ ਹੋਵੇਗੀ ਪਰ ਇਹ ਤਾਂ ਹੋਵੇਗੀ ਜੇ ਤੁਸੀਂ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੋਗੇ। ਮੈਂ ਪੇਸ਼ ਕਰਨ ਲੱਗਾ ਹਾਂ। (ਵਿਘਨ) (ਸ਼ੋਰ)

SHORT ADJOURNMENTS OF THE HOUSE

ਉਪ ਮੁੱਖ ਮੰਤਰੀ : (ਵਿਘਨ) (ਸ਼ੋਰ) ਪਹਿਲਾਂ ਲੀਡਰ ਆਫ਼ ਦੀ ਹਾਊਸ ਨੇ ਬੋਲਣਾ ਹੈ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਸਮੂਹ ਮੈਂਬਰ ਅਤੇ ਆਜ਼ਾਦ ਮੈਂਬਰ ਸ੍ਰੀ ਰਜਨੀਸ਼ ਕੁਮਾਰ ਸਦਨ ਦੇ ਵੈੱਲ ਵਿਚ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ।)

ਮਾਨਯੋਗ ਸਪੀਕਰ : ਪਹਿਲਾਂ ਸੀ.ਐਮ. ਸਾਹਿਬ ਬੋਲਣਗੇ। ਫਿਰ ਅਗਲੀ ਕਾਰਵਾਈ ਚੱਲੇਗੀ। (ਵਿਘਨ) (ਸ਼ੋਰ) Nothing should be recorded. (ਵਿਘਨ) (ਸ਼ੋਰ)

ਹਾਊਸ ਦੁਪਹਿਰ 12.00 ਵਜੇ ਤੱਕ ਸਥੱਗਿਤ ਕੀਤਾ ਜਾਂਦਾ ਹੈ। (ਵਿਘਨ) (ਸ਼ੋਰ)

[ਪੂਰਵ ਦੁਪਹਿਰ *11.42 ਵਜੇ]

(*ਇਸ ਸਮੇਂ ਸਦਨ 12.00 ਵਜੇ ਦੁਪਹਿਰ ਤੱਕ ਸਥੱਗਿਤ ਹੋ ਗਿਆ)

(ਹਾਊਸ 12.00 ਵਜੇ ਦੁਪਹਿਰ ਮੁੜ ਇਕੱਤਰ ਹੋਇਆ।)

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਮੈਂ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ। ਬਹੁਤ ਜ਼ਰੂਰੀ ਹੈ।

(ਆਪੋਜੀਸ਼ਨ ਵੱਲੋਂ ਨੋ, ਨੋ ਦੀਆਂ ਆਵਾਜ਼ਾਂ)

ਮਾਨਯੋਗ ਸਪੀਕਰ : ਮੇਰੀ ਗੱਲ ਸੁਣ ਲਵੋ .....(ਵਿਘਨ)......

ਕੈਪਟਨ ਅਮਰਿੰਦਰ ਸਿੰਘ : ਐਕਸਪਲੇਨੇਸ਼ਨ ਤਾਂ ਤਾਂ ਹੋਵੇ ਜੇਕਰ ਸਦਨ

**Not recorded as ordered by the Chair.

ਵਿੱਚ ਕਿਸੇ ਨੇ ਤੁਹਾਡੇ ਤੇ ਇਲਜ਼ਾਮ ਲਗਾਇਆ ਹੋਵੇ....(ਵਿਘਨ) ......

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਕਿਤੇ ਵੀ ਲਗਾਇਆ ਹੋਵੇ ....(ਵਿਘਨ) ....ਜਾਂ ਕਹਿ ਦਿਓ ਕਿ ਲੋੜ ਨਹੀਂ ਹੈ। ਤੁਸੀਂ ਕਹਿ ਦਿਓ ਕਿ ਲੋੜ ਨਹੀਂ, we are satisfied. ਮੈਂ ਫਿਰ ਕਿੱਥੇ ਐਕਸਪਲੇਨ ਕਰਾਂ ਜੀ।....(ਵਿਘਨ).... ਸਰਦਾਰ ਅਮਰਿੰਦਰ ਸਿੰਘ ਜੀ, ਮੈਂ ਐਕਸਪਲੇਨ ਕਿੱਥੇ ਕਰਾਂ.....(ਵਿਘਨ).... ਜਾਂ ਕਹਿ ਦਿਓ ਕਿ ਸਾਨੂੰ ਲੋੜ ਨਹੀਂ....(ਵਿਘਨ).....

ਕੈਪਟਨ ਅਮਰਿੰਦਰ ਸਿੰਘ : ਇਥੇ ਸਦਨ ਵਿੱਚ ਨਹੀਂ ਹੋ ਸਕਦੀ।

ਮੁੱਖ ਮੰਤਰੀ : ਮੇਰੇ ਤੇ ਐਲੀਗੇਸ਼ਨ ਲੱਗੇ ਹਨ, ਮੈਂ ਐਕਸਪਲੇਨ ਕਰਨਾ ਹੈ ....(ਵਿਘਨ) ...... ਜਾਖੜ ਸਾਹਿਬ ਕਹਿ ਦੇਣ ਕਿ I am satisfied ਤਾਂ ਅਸੀਂ ਚੁੱਪ ਕਰ ਜਾਵਾਂਗੇ।

Mr. Speaker : Leader of the House can speak at any time. ਕੋਈ ਐਸੀ ਗੱਲ ਨਹੀਂ। ਕਰਟਸੀ ਸੇਕ ਆਪੋਜੀਸ਼ਨ ਲੀਡਰ ਨੂੰ ਵੀ ਹਮੇਸ਼ਾ ਟਾਈਮ ਦੇਈਦਾ ਹੈ। ਇਸ ਕਰਕੇ ਜੇਕਰ ਨਵੀਂ ਪ੍ਰਥਾ ਚਾਲੂ ਕਰਨੀ ਹੈ ਤਾਂ ਦੇਖ ਲਵੋ..... (ਵਿਘਨ)..... ਮੇਰਾ ਤਾਂ ਹਮੇਸ਼ਾ ਰਿਹਾ ਹੈ ਕਿ ਕਰਟਸੀ ਸੇਕ ਆਪੋਜੀਸ਼ਨ ਲੀਡਰ ਨੂੰ ਜਿਥੇ ਉਹ ਚਾਹੁਣ ਇੰਟਰਵੀਨ ਕਰਵਾਉਂਦਾ ਹਾਂ ਔਰ ਜਿਹੜਾ ਲੀਡਰ ਆਫ਼ ਦਿ ਹਾਊਸ ਹੈ, he can speak at any time. ..... (ਵਿਘਨ).....ਜਾਖੜ ਸਾਹਿਬ, ਜੇਕਰ ਤੁਸੀਂ ਨਵੀਂ ਪ੍ਰਥਾ ਕਾਇਮ ਕਰਨਾ ਚਾਹੁੰਦੇ ਹੋ ਤਾਂ ਉਹ ਦੇਖ ਲਵੋ।

Shri Sunil Jakhar : Speaker Sahib, Hon'ble Chief Minister wants to explain the allegation of misuse of Rs. 40 crore in Muktsar District. ਮੈਂ ਤੁਹਾਨੂੰ ਲਿਖ ਕੇ ਦੇ ਕੇ ਆਇਆ ਹਾਂ। We don't want explanation, we want debate on that issue.By giving explanation, he wants to pre-empt them ਕਿ ਡਿਸਕਸ਼ਨ ਨਾ ਹੋਵੇ। .....(ਵਿਘਨ)....(ਸ਼ੋਰ) ....

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਐਕਸਪਲੇਨੇਸ਼ਨ ਤੋਂ ਬਾਅਦ I welcome, any Member of the Opposition can say anything against that.

ਸ਼੍ਰੀ ਸੁਨੀਲ ਜਾਖੜ : ਅੱਜ ਲਾਅ ਐਂਡ ਆਰਡਰ ਡਿਸਕਸ ਹੋਵੇਗਾ.... (ਵਿਘਨ).....

ਮਾਨਯੋਗ ਸਪੀਕਰ: ਦੇਖੋ ਗੱਲ ਸੁਣੋ, ਤੁਸੀਂ ਜੇਕਰ ਪਰਸਨਲ ਐਲੀਗੇਸ਼ਨ ਨਾ ਲਗਾਇਆ ਹੁੰਦਾ ਤਾਂ ਫਿਰ ਉਹ ਐਕਸਪਲੇਨੇਸ਼ਨ ਨਾ ਦਿੰਦੇ ......(ਵਿਘਨ)..... ਤੁਸੀਂ ਪਰਸਨਲ ਐਲੀਗੇਸ਼ਨ ਲਗਾਇਆ ਹੈ, ਇਸ ਕਰਕੇ ਉਨ੍ਹਾਂ ਨੇ ਪਰਸਨਲ ਐਕਸਪਲੇਨੇਸ਼ਨ ਦੇਣੀ ਹੈ .....(ਵਿਘਨ)...... ਜੋ ਫੈਸਲਾ ਹੋਇਆ ਹੈ, ਉਸ ਬਾਰੇ ਆਪਣੇ ਬੰਦਿਆਂ ਨੂੰ ਪੁੱਛ ਲਵੋ.....(ਵਿਘਨ).....ਕੱਲ੍ਹ ਫੈਸਲਾ ਇਹ ਹੋਇਆ ਸੀ....(ਵਿਘਨ)..... ਜਾਖੜ ਸਾਹਿਬ, ਮੇਰੀ ਗੱਲ ਸੁਣ ਲਵੋ। ਕੱਲ੍ਹ ਫੈਸਲਾ ਇਹ ਹੋਇਆ ਸੀ ਕਿ ਕੁਐਸਚਨ ਆਵਰ ਤੋਂ ਬਾਅਦ ਬਾਦਲ ਸਾਹਿਬ ਬੋਲਣਗੇ। ਉਸ ਤੋਂ ਬਾਅਦ ਅਗਲੀ ਕਾਰਵਾਈ ਸ਼ੁਰੂ ਹੋਵੇਗੀ।

ਸ਼੍ਰੀ ਸੁਨੀਲ ਜਾਖੜ : ਪਹਿਲਾਂ ਡਿਬੇਟ ਕਰਵਾ ਲਵੋ, ਫਿਰ ਇਹ ਬੋਲ ਲੈਣਗੇ।

ਮੁੱਖ ਮੰਤਰੀ : ਸਰਦਾਰ ਲਾਲ ਸਿੰਘ ਹੁਰਾਂ ਤੋਂ ਪੁੱਛ ਲਵੋ ਜਿਹੜੇ ਮੀਟਿੰਗ ਵਿੱਚ ਗਏ ਸੀ। ਉਹ ਮੈਨੂੰ ਆਪ ਆਖ ਕੇ ਗਏ ਸਨ। ਮੈਂ ਹੁਣ ਕੀ ਕਰਾਂ ਜੀ।

ਸ਼੍ਰੀ ਸੁਨੀਲ ਜਾਖੜ : ਪਹਿਲਾਂ ਮਸਲਾ ਲਾਅ ਐਂਡ ਆਰਡਰ ਦਾ ਹੈ...... (ਵਿਘਨ)..... ਲਾਅ ਐਂਡ ਆਰਡਰ ਪਰਾਇਰਟੀ ਹੈ....(ਵਿਘਨ)....

ਮੁੱਖ ਸੰਸਦੀ ਸਕੱਤਰ, ਪੇਂਡੂ ਜਲ ਸਪਲਾਈ ਤੇ ਸੈਨੀਟੇਸ਼ਨ (ਸਰਦਾਰ ਵਿਰਸਾ ਸਿੰਘ ਵਲਟੋਹਾ): ਸੀ.ਐਮ. ਸਾਹਿਬ ਐਕਸਪਲੇਨੇਸ਼ਨ ਦੇਣਾ ਚਾਹੁੰਦੇ ਹਨ, ਸੀ.ਐਮ. ਸਾਹਿਬ ਬਿਆਨ ਦੇਣਾ ਚਾਹੁੰਦੇ ਹਨ। ਜਾਖੜ ਸਾਹਿਬ, ਤੁਸੀਂ ਬਹੁਤ ਸਿਆਣੇ ਹੋ ਪਰ ਅੱਜ ਤੁਸੀਂ ਗਲਤ ਹੋ ......(ਵਿਘਨ).....

ਸ਼੍ਰੀ ਸੁਨੀਲ ਜਾਖੜ : ਸਾਰੇ ਹਾਊਸ ਵਿੱਚੋਂ ਸਭ ਤੋਂ ਕਮਲਾ ਬੰਦਾ ਮੈਂ ਹਾਂ .....(ਵਿਘਨ).....ਤੁਸੀਂ ਪਰਾਇਰਟੀ ਫਿਕਸ ਕਰੋ।

ਮਾਨਯੋਗ ਸਪੀਕਰ : ਪਰਾਇਰਟੀ ਫਿਕਸ ਤਾਂ ਇਹ ਹੈ ਕਿ ਸਾਡਾ ਜਿਹੜਾ ਕੱਲ੍ਹ ਫੈਸਲਾ ਹੋਇਆ ਸੀ ਕਿ ਬਾਦਲ ਸਾਹਿਬ ਬੋਲਣਗੇ, ਉਸ ਤੋਂ ਬਾਅਦ ਲਾਅ ਐਂਡ ਆਰਡਰ ਤੇ ਬਹਿਸ ਸ਼ੁਰੂ ਹੋਵੇਗੀ.....(ਵਿਘਨ).....

ਸਰਦਾਰ ਲਾਲ ਸਿੰਘ : ਜਦੋਂ ਤੁਸੀਂ ਆਪਣਾ ਫੈਸਲਾ ਆਪ ਵਿਦਡਰਾਅ ਕਰ ਲਿਆ .....(ਵਿਘਨ).....

ਮਾਨਯੋਗ ਸਪੀਕਰ : ਸਿਰਫ ਲਫਜ਼ ਕੱਟਿਆ ਗਿਆ ਹੈ ਨਾ ਕਿ ਬਾਦਲ

[ਮਾਨਯੋਗ ਸਪੀਕਰ]
ਸਾਹਿਬ ਨਹੀਂ ਬੋਲਣਗੇ .....(ਵਿਘਨ)..... ਲਾਅ ਐਂਡ ਆਰਡਰ ਇਸ ਤੋਂ ਬਾਅਦ ਸ਼ੁਰੂ ਹੋਵੇਗਾ......(ਵਿਘਨ).....ਨਹੀਂ, ਲਾਲ ਸਿੰਘ ਜੀ, ਇਹ ਗੱਲ ਗਲਤ ਹੈ..... (ਵਿਘਨ)......

ਸਰਦਾਰ ਲਾਲ ਸਿੰਘ : ਪੰਜਾਬ ਦੇ ਲਾਅ ਐਂਡ ਆਰਡਰ ਤੇ ਬਹਿਸ ਕਰਵਾਓ....(ਵਿਘਨ).....

ਮਾਨਯੋਗ ਸਪੀਕਰ : ਜੋ ਕੱਲ੍ਹ ਫੈਸਲਾ ਕੀਤਾ ਸੀ, ਪਹਿਲਾਂ ਉਸ ਮੁਤਾਬਿਕ ਚੱਲਣ ਦਿਓ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਸਿਚੂਏਸ਼ਨ ਸਭ ਤੋਂ ਪਰਾਇਰਟੀਜ਼ ਉੱਤੇ ਹੈ। ਪਹਿਲਾਂ ਇਸ ਦੇ ਉੱਤੇ ਬਹਿਸ ਕਰਵਾਈ ਜਾਵੇ ਤੇ ਫਿਰ ਇਸ ਤੋਂ ਬਾਅਦ ਇਹ ਬੋਲ ਲੈਣ। ਸਪੀਕਰ ਸਾਹਿਬ, ਪਹਿਲਾਂ ਪੰਜਾਬ ਦੀ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਡਿਸਕਸ ਕਰਾਂਗੇ। (ਵਿਘਨ)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਅਤੇ ਆਪੋਜੀਸ਼ਨ ਬੈਂਚਿਜ਼ ਦੇ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਆਗਿਆ ਤੋਂ ਬੋਲ ਰਹੇ ਸਨ ਅਤੇ ਇੰਡੀਅਨ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਮਾਨਯੋਗ ਸਪੀਕਰ ਵਿਰੋਧੀ****ਨਾਅਰੇ ਲਗਾ ਰਹੇ ਸਨ ਜੋ ਕਿ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਇਹ ** ਰਿਕਾਰਡ ਨਾ ਕੀਤਾ ਜਾਵੇ।

ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) : ਤੁਸੀਂ (ਆਪੋਜੀਸ਼ਨ ਪਾਰਟੀ ਵੱਲ ਇਸ਼ਾਰਾ) ਲਾਅ ਐਂਡ ਆਰਡਰ ਦੇ ਉਤੇ ਦੋ ਦਿਨ ਬਹਿਸ ਕਰੋ, ਤਿੰਨ ਦਿਨ ਬਹਿਸ ਕਰੋ, ਅਸੀਂ ਤੁਹਾਨੂੰ ਕਦੋਂ ਇਨਕਾਰ ਕਰਦੇ ਹਾਂ ਲੇਕਿਨ ਮੈਨੂੰ ਪਤਾ ਹੈ ਕਿ ਮੇਰੇ ਉਤੇ ਇਨ੍ਹਾਂ ਨੇ, ਸਰਦਾਰ ਅਮਰਿੰਦਰ ਸਿੰਘ ਹੁਰਾਂ ਨੇ ਕਿਵੇਂ ਦੂਸ਼ਣ ਲਗਾਏ ਹਨ, ਝੂਠੇ ਦੂਸ਼ਣ ਲਗਾਏ ਗਏ ਹਨ ਤੇ ਫਿਰ ਮੈਂ ਬੋਲਾਂ ਹੀ ਨਾ, ਆਪ ਦੀ ਗੱਲ ਹੀ ਨਾ ਕਰਾਂ। (ਵਿਘਨ)

ਮਾਨਯੋਗ ਸਪੀਕਰ : ਜਾਖੜ ਸਾਹਿਬ, You are wrong. ਤੁਸੀਂ ਇਸ ਗੱਲ ਦੇ ਉਤੇ ਗਲਤ ਹੋ। ਨਹੀਂ (ਵਿਘਨ) Leader of the House has right to speak. ਨੰਬਰ

**Not recorded as ordered by the Chair.

ਦੋ ਉਤੇ ਲੀਡਰ ਆਫ ਦਿ ਆਪੋਜੀਸ਼ਨ ਨੂੰ as a courtesy ਉਨ੍ਹਾਂ ਨੂੰ ਹਰ ਗੱਲ ਦੇ ਵਿੱਚ ਇੰਟਰਵੀਨ ਕਰਨ ਦਿੰਦੇ ਹਾਂ, ਇਹ ਮੇਰੀ ਇਕ ਆਪਣੀ ਧਾਰਣਾ ਹੈ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਆਪੋਜੀਸ਼ਨ ਦੇ ਪੱਲੇ ਹੋਰ ਹੈ ਕੀ ਹੈ (ਵਿਘਨ)

ਮਾਨਯੋਗ ਸਪੀਕਰ : ਜੇਕਰ ਤੁਹਾਨੂੰ ਅਲਾਓ ਨਾ ਕੀਤਾ ਹੋਵੇ ਤਾਂ ਤੁਸੀਂ ਦੱਸੋ।

(ਇਸ ਸਮੇਂ ਇੰਡੀਅਨ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ ਤੇ **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਇਹ ** ** ਰਿਕਾਰਡ ਨਾ ਕੀਤਾ ਜਾਵੇ । Nothing should be recorded ਜਾਖੜ ਸਾਹਿਬ ਤੁਸੀਂ, ਸਰਦਾਰ ਲਾਲ ਸਿੰਘ ਅਤੇ ਰਾਣਾ ਗੁਰਮੀਤ ਸਿੰਘ ਸੋਢੀ, ਤਿੰਨੋਂ ਇਧਰੋਂ ਮੇਰੇ ਚੈਂਬਰ ਦੇ ਵਿੱਚ ਆ ਜਾਉ ਅਤੇ ਉਪ ਮੁੱਖ ਮੰਤਰੀ, ਸਰਦਾਰ ਸੁਖਬੀਰ ਸਿੰਘ ਬਾਦਲ, ਸ਼੍ਰੀ ਮਦਨ ਮੋਹਨ ਮਿੱਤਲ ਅਤੇ ਸਰਦਾਰ ਸਿਕੰਦਰ ਸਿੰਘ ਮਲੂਕਾ ਮੇਰੇ ਚੈਂਬਰ ਦੇ ਵਿੱਚ ਆ ਜਾਉ। (ਵਿਘਨ) (ਸ਼ੋਰ)

[*12.08 ਵਜੇ ਬਾਅਦ ਦੁਪਹਿਰ]

ਮਾਨਯੋਗ ਸਪੀਕਰ : ਹੁਣ ਸਦਨ 1.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

(ਹਾਊਸ 1.00 ਵਜੇ ਬਾਅਦ ਦੁਪਹਿਰ ਮੁੜ ਇਕੱਤਰ ਹੋਇਆ।)

ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਸਪੀਕਰ ਸਭ ਦਾ ਸਾਂਝਾ ਹੁੰਦਾ ਹੈ ਪਰ ਬੜੇ ਅਫ਼ਸੋਸ ਦੀ ਗੱਲ ਹੈ (ਸ਼ੋਰ) ਇਨ੍ਹਾਂ ਨੂੰ ਮੈਨਰਜ਼ ਸਿਖਾਓ, ਸਪੀਕਰ ਸਾਹਿਬ ਅੱਜ ਇਨ੍ਹਾਂ ਨੇ ਨਾਅਰੇ ਵੀ ਲਗਾ ਦਿਤੇ। (ਸ਼ੋਰ, ਵਿਘਨ) ਕੈਪਟਨ ਸਾਹਿਬ, ਤੁਸੀਂ ਇਨ੍ਹਾਂ ਨੂੰ ਕੁਝ ਸਿਖਾਓ। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੀਡਰ ਆਫ਼ ਦਿ ਆਪੋਜੀਸ਼ਨ ਨੂੰ ਦੱਸੋ ਕਿ ਦੂਜਿਆਂ ਦੀ ਗੱਲ ਵੀ ਸੁਣਨੀ ਹੁੰਦੀ ਹੈ। (ਸ਼ੋਰ), ਅਖ਼ਬਾਰਾਂ ਵਿੱਚ ਇਹ ਇੰਨੇ ਬਿਆਨ ਦਿੰਦੇ ਹਨ ਪਰ ਦੂਜਿਆਂ ਦੀ ਗੱਲ ਸੁਣਨ ਦੇ ਇਹ ਆਦੀ ਨਹੀਂ ਹਨ। ਸਪੀਕਰ ਸਾਹਿਬ, ਮੈਂ ਅਰਜ਼

**Not recorded as ordered by the Chair.

[ਸੰਸਦੀ ਮਾਮਲੇ ਮੰਤਰੀ]

ਕਰਨੀ ਚਾਹੁੰਦਾ ਹਾਂ ਕਿ ਜਿਹੜਾ ਸਪੀਕਰ ਹੁੰਦਾ ਹੈ, ਉਹ ਸਾਂਝਾ ਹੁੰਦਾ ਹੈ ਅਤੇ ਸਰਬਸੰਮਤੀ ਨਾਲ ਚੁਣਿਆ ਜਾਂਦਾ ਹੈ। ਅੱਜ ਇੱਥੇ ਸਭ ਤੋਂ ਵੱਡੀ ਸ਼ਰਮਨਾਕ ਗੱਲ ਹੋਈ ਹੈ ਕਿ ਤੁਹਾਡੇ ਖਿਲਾਫ਼ ਵੀ ਨਾਅਰੇ ਲਗਾਏ ਗਏ ਹਨ। (ਸ਼ੋਰ, ਵਿਘਨ) ਇਸ ਦੀ ਹਾਊਸ ਵਿੱਚ ਨਿੰਦਾ ਕੀਤੀ ਜਾਣੀ ਚਾਹੀਦੀ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਅੱਜ ਦੇਖੋ ਕਿੰਨਾ ਖੁਸ਼ੀ ਦਾ ਦਿਨ ਹੈ ਕਿ ਕੈਪਟਨ ਸਾਹਿਬ ਹਾਊਸ ਵਿੱਚ ਆਏ ਹਨ ਪਰ ਇਨ੍ਹਾਂ ਨੇ ਉਨ੍ਹਾਂ ਦਾ ਵੀ ਸਤਿਕਾਰ ਨਹੀਂ ਕੀਤਾ। ਇਹ ਕੈਪਟਨ ਸਾਹਿਬ ਨੂੰ ਵੀ ਭੁੱਲ ਗਏ। ਇਹ ਕਿਸੇ ਦੇ ਨਹੀਂ ਹਨ। ਇਨ੍ਹਾਂ ਦਾ ਤਰੀਕਾ ਠੀਕ ਨਹੀਂ ਹੈ। (ਸ਼ੋਰ, ਵਿਘਨ) ਇਨ੍ਹਾਂ ਦੀ ਟ੍ਰੇਨਿੰਗ ਕਲਾਸ ਲਗਾਓ ਅਤੇ ਦੱਸੋ ਕਿ ਹਾਊਸ ਕਿਸ ਤਰ੍ਹਾਂ ਚਲਦਾ ਹੈ। ਆਪ ਇਹ ਅਖ਼ਬਾਰਾਂ ਵਿੱਚ ਬਿਆਨ ਦਿੰਦੇ ਹਨ ਪਰ ਸਾਨੂੰ ਬੋਲਣ ਤੱਕ ਨਹੀਂ ਦਿੰਦੇ। ਜਦੋਂ ਕਿਸੇ ਦੀ ਇੱਧਰੋਂ (ਟਰੈਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਬੋਲਣ ਦੀ ਵਾਰੀ ਆਉਂਦੀ ਹੈ ਤਾਂ ਇਹ ਰੌਲਾ ਪਾ ਦਿੰਦੇ ਹਨ। ਹਾਊਸ ਦੀ ਕਾਰਵਾਈ ਚੱਲੇਗੀ ਅਤੇ ਅਸੀਂ ਹਾਊਸ ਚਲਾਉਣਾ ਚਾਹੁੰਦੇ ਹਾਂ। ਮੁੱਖ ਮੰਤਰੀ ਸਾਹਿਬ ਦਾ ਰਾਈਟ ਹੈ ਅਤੇ ਉਹ ਕਦੇ ਵੀ ਬੋਲ ਸਕਦੇ ਹਨ, ਕਿਸੇ ਇਸ਼ੂ ਤੇ ਬੋਲ ਸਕਦੇ ਹਨ, ਕਿਸੇ ਵੀ ਪੁਆਇੰਟ ਤੇ ਬੋਲ ਸਕਦੇ ਹਨ। ਅੱਜ ਜੋ ਕੁਝ ਹੋਇਆ ਹੈ ਉਹ ਕੋਈ ਬਹੁਤ ਚੰਗਾ ਕੰਮ ਨਹੀਂ ਹੋਇਆ। ਇੱਥੇ ਬਿਜ਼ਨਸ ਕੰਡਕਟ ਹੋ ਰਿਹਾ ਸੀ ਪਰ ਇਨ੍ਹਾਂ ਵੱਲੋਂ ਕੁਰਸੀਆਂ ਤੇ ਖੜ੍ਹ ਕੇ ਨਾਅਰੇ ਲੱਗ ਰਹੇ ਸਨ। ਹਾਊਸ ਦੀ ਇੰਨੀ ਜ਼ਿਆਦਾ ਮਰਿਆਦਾ ਭੰਗ ਹੋਈ ਹੈ। ਮੈਂ ਸਮਝਦਾ ਹਾਂ ਕਿ ਇਸ ਨੂੰ ਕੰਡੈਮ ਕਰਨਾ ਚਾਹੀਦਾ ਹੈ। (ਸ਼ੋਰ, ਵਿਘਨ) ਇਨ੍ਹਾਂ ਨੇ ਹਾਊਸ ਦੀ ਕੋਈ ਮਰਿਆਦਾ ਨਹੀਂ ਰੱਖੀ ਅਤੇ ਇੱਕ ਵੀ ਸਵਾਲ ਦਾ ਜਵਾਬ ਨਹੀਂ ਆਉਣ ਦਿੱਤਾ। ਇਹ ਬਹਿਸ ਕਰਨਾ ਨਹੀਂ ਚਾਹੁੰਦੇ। ਇਹ ਆਪ ਲਾਅ ਐਂਡ ਆਰਡਰ ਦੀ ਬਹਿਸ ਤੋਂ ਭੱਜ ਗਏ। ਇਨ੍ਹਾਂ ਨੇ ਕੋਈ ਕੰਮ ਨਹੀਂ ਕਰਨ ਦੇਣਾ। ਅੱਜ ਕਿੰਨੇ ਇੰਪਾਰਟੈਂਟ ਬਿਲ ਸਨ ਪਰ ਇਨ੍ਹਾਂ ਨੇ ਆਪਣੇ ਵਿਚਾਰ ਕਿਸੇ ਵੀ ਬਿਲ ਤੇ ਨਹੀਂ ਦਿੱਤੇ। ਇਹ ਕਹਿੰਦੇ ਹਨ ਕਿ ਅਸੀਂ ਲੋਕਾਂ ਵਿੱਚ ਇੰਟ੍ਰਸਟਿਡ ਹਾਂ ਪਰ ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਵੀ ਇੰਟ੍ਰਸਟਿਡ ਨਹੀਂ ਹਨ। ਚੂਨੀ ਲਾਲ ਜੀ ਆਪ ਦਲਿਤ ਵਰਗ ਦੇ ਹਨ ਇਨ੍ਹਾਂ ਨੇ ਤਾਂ ਉਨ੍ਹਾਂ ਨੂੰ ਵੀ ਬਿਲ ਪੇਸ਼ ਨਹੀਂ ਕਰਨ ਦਿੱਤੇ। ਹੁਣ ਇਹ ਦਲਿਤਾਂ ਦੀ ਗੱਲ ਕਰਦੇ ਹਨ। ਇਹ ਪੰਜਾਬ ਨੂੰ ਦਲਿਤ ਅਤੇ ਨਾਨ ਦਲਿਤ ਕਲਾਸ ਵਿੱਚ ਵੰਡਣਾ ਚਾਹੁੰਦੇ ਹਨ। ਇਹ ਤੋੜਨ ਦੀ ਰਾਜਨੀਤੀ ਕਰਦੇ ਹਨ। ਇਹ ਪੰਜਾਬ ਨੂੰ ਮਾਇਨਾਰਟੀ ਅਤੇ ਨਾਨ ਮਾਇਨਾਰਟੀ ਵਿੱਚ ਵੰਡਣਾ ਚਾਹੁੰਦੇ ਹਨ। ਇਸ ਦੀ ਜਿੰਨੀ ਨਿੰਦਾ ਕੀਤੀ ਜਾਵੇ ਉਹ ਥੋੜ੍ਹੀ ਹੈ। ਬਾਦਲ ਸਾਹਿਬ ਦਾ ਬਿਆਨ ਤੁਸੀਂ ਸੁਣ ਲਓ। ਲਾਅ ਐਂਡ ਆਰਡਰ ਤੇ ਬਹਿਸ ਕਰੋ, ਅਸੀਂ ਤੁਹਾਡੀ ਹਰ ਗੱਲ ਦਾ ਜਵਾਬ ਦਿਆਂਗੇ। ਇਹ ਤਾਂ ਕਰਾਂਗੇ ਜੇਕਰ ਤੁਸੀਂ ਬੈਠੋ, ਪਰ ਤੁਹਾਡਾ ਅੱਜ ਮਨਸੂਬਾ ਹੈ, ਮਨ ਹੈ ਕਿ ਬਹਿਸ ਨਹੀਂ ਹੋਣ ਦੇਣੀ। (ਸ਼ੋਰ, ਵਿਘਨ) ਤੁਸੀਂ ਬਹਿਸ ਤੋਂ ਭੱਜਦੇ ਹੋ।

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ......(ਸ਼ੋਰ, ਵਿਘਨ)

ਮਾਨਯੋਗ ਸਪੀਕਰ : ਤੁਸੀਂ ਆਪਣੇ ਲੀਡਰ ਨੂੰ ਤਾਂ ਸੁਣ ਲਓ।

ਸ਼੍ਰੀ ਸੁਨੀਲ ਜਾਖੜ : ਤੁਸੀਂ ਮੈਨੂੰ ਲਾਅ ਐਂਡ ਆਰਡਰ ਦੇ ਅਹਿਮ ਮੁੱਦੇ ਉੱਤੇ ਬੋਲਣ ਲਈ ਜਿਹੜਾ ਟਾਈਮ ਦਿੱਤਾ ਹੈ (ਸ਼ੋਰ, ਵਿਘਨ) 45 ਕਰੋੜ ਤੇ ਵੀ ਡਿਸਕਸ਼ਨ ਕਰਾਂਗੇ।

ਮਾਨਯੋਗ ਸਪੀਕਰ : ਮੇਰੀ ਬੇਨਤੀ ਹੈ ਕਿ ਜੋ ਆਪਣਾ ਸਮਝੌਤਾ ਹੋਇਆ ਹੈ....(ਸ਼ੋਰ, ਵਿਘਨ) ਮੈਂ ਕਿਹਾ ਜੀ, please sit down.

ਸ਼੍ਰੀ ਸੁਨੀਲ ਜਾਖੜ : ਸਪੀਕਰ ਸਾਹਿਬ, ਕਰਵਾ ਕੀ ਰਹੇ ਹੋ? ਤੁਸੀਂ ਸਾਡੇ ਤੋਂ ਚਾਹੁੰਦੇ ਕੀ ਹੋ? (ਸ਼ੋਰ, ਵਿਘਨ)

ਮਾਨਯੋਗ ਸਪੀਕਰ : ਆਪਣੇ ਸਮਝੌਤੇ ਮੁਤਾਬਿਕ (ਵਿਘਨ) ਸਦਨ ਬੁੱਧਵਾਰ ਸਵੇਰੇ......

ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ (ਸ਼੍ਰੀ ਅਨਿਲ ਜੋਸ਼ੀ) : ਸਪੀਕਰ ਸਾਹਿਬ, ਇਹ ਮਰਿਆਦਾਵਾਂ ਭੁੱਲ ਗਏ ਹਨ। ਕਾਗਜ਼ ਫਾੜੇ ਹਨ, ਰਿਪੋਰਟਰਾਂ ਦੀਆਂ ਕਾਪੀਆਂ ਚੁੱਕ ਕੇ ਇੱਧਰ-ਉੱਧਰ ਸੁੱਟੀਆਂ ਹਨ। (ਸ਼ੋਰ, ਵਿਘਨ)

ਸ਼੍ਰੀ ਸੁਨੀਲ ਜਾਖੜ : ਲਾਅ ਐਂਡ ਆਰਡਰ ਤੇ ਡਿਸਕਸ਼ਨ ਹੈ। 45 ਕਰੋੜ ਰੁਪਏ ਦਾ.....(ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸੀ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਕੁਝ ਵੀ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।) (ਵਿਘਨ) (ਸ਼ੋਰ)

[*1.05 ਵਜੇ ਬਾਅਦ ਦੁਪਹਿਰ]

ਮਾਨਯੋਗ ਸਪੀਕਰ : ਹੁਣ ਸਦਨ ਬੁੱਧਵਾਰ, ਮਿਤੀ 19 ਦਸੰਬਰ, 2012 ਦੇ 10.00 ਵਜੇ ਸਵੇਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

(*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 19 ਦਸੰਬਰ, 2012 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।)

APPENDIX
TO
PUNJAB VIDHAN SABHA DEBATES

Tuesday, the 18th December, 2012

Vol. III - No. 2

STARRED QUESTION AND ANSWER

ਕੰਡੀ ਏਰੀਏ ਦੇ ਵਿਕਾਸ ਲਈ ਫੰਡਾਂ ਦੀ ਪ੍ਰਾਪਤੀ

*359. 1. **ਸ਼੍ਰੀ ਸੁੰਦਰ ਸ਼ਾਮ ਅਰੋੜਾ :**

2. **ਸਰਦਾਰ ਸੰਗਤ ਸਿੰਘ ਗਿਲਜੀਆਂ :**

3. **ਸ਼੍ਰੀ ਰਜਨੀਸ਼ ਕੁਮਾਰ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

(ੳ) ਕੰਡੀ ਏਰੀਏ ਦੇ ਵਿਕਾਸ ਲਈ ਕੇਂਦਰ ਸਰਕਾਰ ਨੇ ਰਾਜ ਸਰਕਾਰ ਨੂੰ ਸਾਲ 2011-12 ਵਿੱਚ ਕਿੰਨਾ ਫੰਡ ਜਾਰੀ ਕੀਤਾ ;

(ਅ) ਜਾਰੀ ਹੋਇਆ ਫੰਡ ਰਾਜ ਸਰਕਾਰ ਨੇ ਕਿਸ-ਕਿਸ ਮਿਤੀ ਨੂੰ ਕਿਨ੍ਹਾਂ-ਕਿਨ੍ਹਾਂ ਸਬੰਧਿਤ ਜ਼ਿਲ੍ਹਿਆਂ ਨੂੰ ਜਾਰੀ ਕੀਤਾ ਅਤੇ ਕੀ ਇਹ ਫੰਡ ਖ਼ਰਚ ਲਿਆ ਗਿਆ ਹੈ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਵਿੱਤ ਤੇ ਯੋਜਨਾ ਮੰਤਰੀ) : ਸ਼੍ਰੀਮਾਨ ਜੀ,

(ੳ) ਕੰਡੀ ਏਰੀਏ ਦੇ ਵਿਕਾਸ ਲਈ ਭਾਰਤ ਸਰਕਾਰ ਤੋਂ ਰਾਜ ਸਰਕਾਰ ਨੂੰ ਸਾਲ 2011-12 ਦੌਰਾਨ ਹੇਠ ਲਿਖੀਆਂ ਸਕੀਮਾਂ ਅਧੀਨ 83.53 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ :-

1. ਕੰਡੀ ਏਰੀਏ ਦਾ ਵਿਕਾਸ (13ਵਾਂ ਵਿੱਤ ਕਮਿਸ਼ਨ)
   Rs. 62.50 ਕਰੋੜ
2. ਬੈਕਵਰਡ ਰੀਜਨਸ ਗ੍ਰਾਂਟ ਫੰਡ
   Rs. 15.50 ਕਰੋੜ
3. ਇੰਟੈਗਰੇਟਿਡ ਵਾਟਰ ਸ਼ੈੱਡ ਪ੍ਰੋਗਰਾਮ
   Rs. 3.45 ਕਰੋੜ
4. ਇੰਟੈਗਰੇਟਿਡ ਵੇਸਟਲੈਂਡ ਡਿਵੈਲਪਮੈਂਟ ਪ੍ਰੋਗਰਾਮ
   Rs. 2.08 ਕਰੋੜ

(ਅ) ਰਿਲੀਜ਼ ਦੀ ਡਿਟੇਲ ਝੰਡੀ 'ੳ' ਅਤੇ 'ਅ' ਤੇ ਨੱਥੀ ਹੈ ਜੀ।

ਅਨੁਲੱਗ - 'ੳ'
ਕੰਡੀ ਏਰੀਏ ਦਾ ਵਿਕਾਸ (13ਵਾਂ ਵਿੱਤ ਕਮਿਸ਼ਨ)

(ਰੁਪਏ ਲੱਖਾਂ ਵਿੱਚ)

Sr. No.	District	Total amount sanctioned by the Planning Deptt. (2011-12 & 2012-13)	Amount drawn from treasury out of Col. 3	Draw Date from Treasury	Amount released to the executing agencies out of Col. 4	Date of release of funds to the executing agencies	Exp. upto 17/12/2012 out of col. 4	Amount utilized 17/12/2012	Status of UCs/ Remarks
1	2	3	4	5	6	7	8	9	10
1	Ajitgarh	902.00	762.00	31/3/2012	222.08	12/6/2012	47.00	47.00	Works in progress
			140.00	24/8/2012	31.00	30/7/2012			
					55.00	31/7/2012			
					432.00	1/8/2012			
					4.00	10/9/2012			
					17.92	31/10/2012			
					100.00	3/11/2012			
					40.00	7/12/2012			
	Total	**902.00**	**902.00**		**902.00**		**47.00**	**47.00**	
2	Hoshiarpur	2539.00	1067.00	31/3/2012	265.46	19/4/2012	**888.00**	**888.00**	Works in progress
			1030.00	20/7/2012	58.00	7/5/2012			
			442.00	9/8/2012	528.50	9/5/2012			
					90.79	30/5/2012			
					434.60	20/7/2012			
					235.70	25/7/2012			
					209.50	22/8/2012			
					687.45	18/10/2012			
	Total	**2539.00**	**2539.00**		**2510.00**		**888.00**	**888.00**	

Sr. No.	District	Total amount sanctioned by the Planning Deptt. (2011-12 & 2012-13)	Amount drawn from treasury out of Col. 3	Draw Date from Treasury	Amount released to the executing agencies out of Col. 4	Date of release of funds to the executing agencies	Exp. upto 17/12/2012 out of col. 4	Amount utilized 17/12/2012	Status of UCs/ Remarks
1	2	3	4	5	6	7	8	9	10
3.	Pathankot	958.00	352.00	31/3/2012	352.00	20/4/2012	375.00	375.00	Works in progress
			606.00	13/8/2012	443.00	20/10/2012			
	Total	**958.00**	**958.00**		**795.00**		**375.00**	**375.00**	
4.	SBS Nagar	623.00	206.00	31/3/2012	206.00	31/3/2012	102.00	102.00	Works in progress
			361.00	24/8/2012	361.00	24/8/2012			
	Total	**623.00**	**567.00**		**567.00**		**102.00**	**102.00**	
5.	Roopnagar	1228.00	494.00	31/3/2012	490.35	19/4/2012	293.48	293.48	Works in progress
			551.00	14/8/2012	730.35	27/8/2012			
			183.00	23/8/2012					
	Total	**1228.00**	**1228.00**		**1220.70**		**293.48**	**293.48**	
	Grand Total	**6250.00**	**6194.00**		**5994.70**		**1705.48**	**1705.48**	

ਅਨੁਲੱਗ – 'ਅ'

(ਰੁਪਏ ਕਰੋੜਾਂ ਵਿੱਚ)

ਹੋਰ ਫੰਡਜ਼ : ਬੀ.ਆਰ.ਜੀ.ਐਫ., ਆਈ. ਡਬਲਯੂ.ਐਮ.ਪੀ. ਅਤੇ ਆਈ. ਡਬਲਯੂ.ਡੀ.ਪੀ.

Sr. No.	Name of Scheme	Name of District	Year	Amount sanctioned by GOI	Date of sanction by GOI	Amount released by Treasury	Date of release	Expen-diture incurred	Remarks
1	2	3	4	5	6	7	8	9	10
1.	Backward Regions Grant Fund (BRGF)	Hoshiarpur	2011-12	15.50	26/9/2011	7.44	31/3/2012	0.44	Less expenditure due to late re-lease of funds by FD
			2012-13	–	–	8.06	18/7/2012	9.64	Excess expenditure incurred from unspent balance of previ-ous years.
			Total	**15.50**		**15.50**		**10.08**	
2.	Integrated Watershed Management Programme (IWMP)	Gurdaspur, Ropar, Hoshiarpur, Mohali & Nawanshehar	2011-12	3.45	26/3/2012	3.45	25/4/2012	3.95	Excess expenditure incurred from unspent balance of previ-ous years.
			2012-13	1.25	1/6/2012	1.25	30/6/2012	2.25	Excess expenditure incurred from unspent balance of previ-ous years.
			Total	**4.70**		**4.70**		**6.20**	
3.	Integrated Waste land Development Programme (IWDP)	Gurdaspur, Hoshiarpur, Mohali & Nawanshehar	2011-12	2.08	Direct release	–	–	3.26	Excess expenditure incurred from unspent balance of previ-ous years.
			2012-13	–	–	–	–	0.50	Excess expenditure incurred from unspent balance of previ-ous years.
			Total	**2.08**				**3.76**	

ਬਨੂੜ ਪੁਲਿਸ ਸਟੇਸ਼ਨ ਦੁਬਾਰਾ ਕਾਇਮ ਕਰਨਾ

*379 **ਸਰਦਾਰ ਹਰਦਿਆਲ ਸਿੰਘ ਕੰਬੋਜ** : ਕੀ ਉਪ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :-

(ੳ) ਥਾਣਾ ਬਨੂੜ, ਜ਼ਿਲ੍ਹਾ ਪਟਿਆਲਾ ਨੂੰ ਕਿਨ੍ਹਾਂ ਕਾਰਨਾਂ ਕਰਕੇ ਖਤਮ ਕੀਤਾ ਗਿਆ ਹੈ;

(ਅ) ਕੀ ਸਰਕਾਰ ਉਕਤ ਫੈਸਲੇ ਉੱਤੇ ਪੁਨਰ ਵਿਚਾਰ ਦੀ ਤਜਵੀਜ਼ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਸ ਨੂੰ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ।

ਸਰਦਾਰ ਸੁਖਬੀਰ ਸਿੰਘ ਬਾਦਲ : ਸ਼੍ਰੀਮਾਨ ਜੀ,

(ੳ) ਪੰਜਾਬ ਸਰਕਾਰ (ਮਾਲ ਅਤੇ ਪੁਨਰਵਾਸ ਵਿਭਾਗ) ਵੱਲੋਂ ਜ਼ਿਲ੍ਹਾ ਐਸ.ਏ.ਐਸ. ਨਗਰ ਦੀ ਸਥਾਪਨਾ ਉਪਰੰਤ ਪੰਜਾਬ ਲੈਂਡ ਰੈਵੀਨਿਊ ਐਕਟ, 1887 (ਐਕਟ 17 ਆਫ 1887) ਤਹਿਤ ਸਬ-ਤਹਿਸੀਲ/ਰਾਜਪੁਰਾ, ਜ਼ਿਲ੍ਹਾ ਪਟਿਆਲਾ ਦੇ 28 ਪਿੰਡਾਂ ਨੂੰ ਨੋਟੀਫਿਕੇਸ਼ਨ ਨੰ: 2/7/2009-ਆਰ.ਈ. II (1)/10957 ਮਿਤੀ 28.12.2009 ਰਾਹੀਂ ਸਬ-ਤਹਿਸੀਲ/ਤਹਿਸੀਲ ਡੇਰਾ ਬੱਸੀ ਅਤੇ ਮੋਹਾਲੀ ਵਿੱਚ ਟ੍ਰਾਂਸਫਰ ਕਰ ਦਿੱਤਾ ਸੀ। ਇਨ੍ਹਾਂ 28 ਪਿੰਡਾਂ ਦਾ ਪ੍ਰਸ਼ਾਸਨਿਕ ਕੰਟਰੋਲ ਜ਼ਿਲ੍ਹਾ ਐਸ.ਏ.ਐਸ. ਨਗਰ ਅਧੀਨ ਹੋਣ ਕਾਰਨ ਇਨ੍ਹਾਂ ਪਿੰਡਾਂ ਨੂੰ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਥਾਣਾ ਸੋਹਾਣਾ, ਜ਼ੀਰਕਪੁਰ ਅਤੇ ਲਾਲੜੂ ਵਿੱਚ ਸ਼ਾਮਿਲ ਕੀਤਾ ਗਿਆ ਸੀ।

(ਅ) ਪੁਲਿਸ ਸਟੇਸ਼ਨ, ਬਨੂੜ ਦੀ ਪੁਨਰਗਠਨ ਲਈ ਇਸ ਥਾਣੇ ਅਧੀਨ ਅਤੇ ਹਲਕਾ ਰਾਜਪੁਰਾ ਵਿੱਚ ਪੈਂਦੇ ਪਿੰਡਾਂ ਦੀਆਂ ਪੰਚਾਇਤਾਂ ਤੋਂ ਜ਼ਿਲ੍ਹਾ ਪਟਿਆਲਾ ਜਾਂ ਥਾਣਾ ਜ਼ਿਲ੍ਹਾ ਐਸ.ਏ.ਐਸ. ਨਗਰ ਵਿੱਚ ਸ਼ਾਮਿਲ ਹੋਣ ਲਈ ਮਤੇ ਪ੍ਰਾਪਤ ਕੀਤੇ ਗਏ ਹਨ। ਵਿਧਾਨ ਸਭਾ ਹਲਕਾ, ਰਾਜਪੁਰਾ ਦੀ ਹੱਦ ਅਤੇ ਜਿਲ੍ਹਾ ਪਟਿਆਲਾ/ਐਸ.ਏ.ਐਸ. ਨਗਰ ਦੀਆਂ ਪ੍ਰਸ਼ਾਸਨਿਕ ਹੱਦਾਂ ਨੂੰ ਧਿਆਨ ਵਿੱਚ ਰੱਖ ਕੇ ਪੁਲਿਸ ਸਟੇਸ਼ਨ, ਬਨੂੜ ਦੀ ਮੁੜ ਸਥਾਪਨਾ ਸਬੰਧੀ ਕਾਰਵਾਈ ਸਰਕਾਰ ਦੇ ਵਿਚਾਰ ਅਧੀਨ ਹੈ।

ਡੇਲੀ-ਵੇਜ ਕਰਮਚਾਰੀਆਂ ਦੀਆਂ ਸੇਵਾਵਾਂ ਨਿਯਮਤ ਕਰਨਾ

*383. **ਸਰਦਾਰ ਗੁਰਕੀਰਤ ਸਿੰਘ** : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰ ਰਹੇ ਡੇਲ੍ਹੀ-ਵੇਜ ਕਰਮਚਾਰੀਆਂ ਦੀਆਂ ਸੇਵਾਵਾਂ ਨਿਯਮਤ ਕਰਨ ਦਾ ਕੋਈ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਕਦੋਂ ਤੱਕ ਇਨ੍ਹਾਂ ਨੂੰ ਪੱਕੇ ਕਰ ਦਿੱਤਾ ਜਾਵੇਗਾ ?

ਸਰਦਾਰ ਪਰਕਾਸ਼ ਸਿੰਘ ਬਾਦਲ : ਫਿਲਹਾਲ ਅਜਿਹੀ ਕੋਈ ਪਾਲਿਸੀ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/8722/08-2015(1)